# ਸੈਸ਼ਨ 2018-19

# ਖ਼ਾਲਸਾ ਕਾਲਜ ਪਟਿਆਲਾ

ਵਾਹਿਗੁਰੂ ਜੀ ਕਾ ਖ਼ਾਲਸਾ ॥
ਵਾਹਿਗੁਰੂ ਜੀ ਕੀ ਫ਼ਤਹਿ ॥

ਸਤਿਕਾਰਤ **ਚਾਂਸਲਰ ਡਾ. ਡੈਬੋਰਾਹ ਐੱਲ. ਫੋਰਡ ਜੀ, ਐਗਜ਼ੀਕਿਊਟਿਵ ਡਾਇਰੈਕਟਰ ਡਾ. ਅਭੈ ਕੁਰੂਵਿੱਲਾ ਜੀ,** ਸਿੱਖਿਆ ਦੇ ਖ਼ੇਤਰ ਨਾਲ ਜੁੜੀਆਂ ਹੋਈਆਂ **ਇਲਾਕੇ ਦੀਆਂ ਮੁਅੱਜ਼ਜ਼ ਸਖ਼ਸ਼ੀਅਤਾਂ, ਅਫ਼ਸਰ ਸਾਹਿਬਾਨ, ਵੱਖ-ਵੱਖ ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨ, ਅਧਿਆਪਕ ਸਾਹਿਬਾਨ, ਸਾਬਕਾ ਸਟਾਫ਼ ਮੈਂਬਰ ਸਾਹਿਬਾਨ, ਪ੍ਰੈੱਸ ਮੈਂਬਰ ਸਾਹਿਬਾਨ ਅਤੇ ਡਿਗਰੀ ਹਾਸਿਲ ਕਰਨ ਵਾਲੇ ਪਿਆਰੇ ਵਿਦਿਆਰਥੀਓ, ਮੈਂ,** ਕਾਲਜ ਦੀ ਪ੍ਰਬੰਧਕ ਕਮੇਟੀ, ਕਾਲਜ ਦੇ ਸਟਾਫ਼ ਮੈਂਬਰਜ਼ ਅਤੇ ਆਪਣੇ ਵੱਲੋਂ, **ਕਾਲਜ ਦੀ ਸਥਾਪਤੀ ਦੇ ਡਾਇਮੰਡ ਜੁਬਲੀ ਵਰ੍ਹੇ** ਦੇ ਮੁਬਾਰਕਮਈ ਅਵਸਰ ’ਤੇ ਕਰਵਾਈ ਜਾ ਰਹੀ **ਸਾਲਾਨਾ ਕਨਵੋਕੇਸ਼ਨ** ਮੌਕੇ ਆਪ ਸਭ ਜੀ ਦਾ ਕਾਲਜ ਵਿਚ ਆਉਣ ’ਤੇ **ਨਿੱਘਾ ਸੁਆਗਤ** ਕਰਦਾ ਹਾਂ।

ਜਨਰਲ ਸ਼ਿਵਦੇਵ ਸਿੰਘ ਦੀਵਾਨ ਗੁਰਬਚਨ ਸਿੰਘ ਖ਼ਾਲਸਾ ਕਾਲਜ ਪਟਿਆਲਾ ਵਾਸਤੇ ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਉੱਚ ਸਿੱਖਿਆ ਦੇ ਖੇਤਰ ਨਾਲ ਜੁੜੀ ਅਹਿਮ ਸਖ਼ਸ਼ੀਅਤ **ਡਾ. ਡੈਬੋਰਾਹ ਐੱਲ. ਫੋਰਡ ਜੀ, ਚਾਂਸਲਰ, ਯੂਨੀਵਰਸਿਟੀ ਆਫ਼ ਵਿਸਕਾਂਸਿਨ, ਪਾਰਕਸਾਇਡ, ਯੂ.ਐੱਸ.ਏ.** ਅੱਜ ਸਾਡੇ ਦਰਮਿਆਨ ਸਾਡੇ ਵਿਦਿਆਰਥੀਆਂ ਨੂੰ ਆਪਣੇ ਕਰ-ਕਮਲਾਂ ਨਾਲ ਡਿਗਰੀਆਂ ਪ੍ਰਦਾਨ ਕਰਨ ਵਾਸਤੇ ਆਏ ਹਨ। ਡਾ. ਫੋਰਡ ਇੱਕ ਬਹੁਪੱਖੀ ਸਖ਼ਸ਼ੀਅਤ ਦੇ ਮਾਲਕ ਹਨ ਜਿਹੜੇ ਆਪਣੀ ਦੂਰ-ਅੰਦੇਸ਼ੀ ਅਤੇ ਉੱਚੀ ਸੋਚ ਸਦਕਾ ਵਿਦਿਆਰਥੀ ਜੀਵਨ ਵਿੱਚ ਤਬਦੀਲੀਆਂ ਲਿਆਉਣ ਲਈ ਹਮੇਸ਼ਾ ਤਤਪਰ ਰਹਿੰਦੇ ਹਨ। ਆਪ ਜੀ ਬਹੁਤ ਸਾਰੀਆਂ ਸਮਾਜਿਕ ਸੰਸਥਾਵਾਂ ਨਾਲ ਜੁੜੇ ਹੋਏ ਹਨ। ਆਪ ਜੀ ਨੇ **ਹਾਇਰ ਐਜੂਕੇਸ਼ਨ ਰੀਜਨਲ ਐਲਾਇੰਸ (HERA), ਵਰਕਫੋਰਸ ਡਿਵੈਲਪਮੈਂਟ ਬੋਰਡ ਇਨ ਗਾਇਸਿਨੇ ਐਂਡ ਕੀਅਨੋਸ਼ਾ, ਕਾਊਂਸਿਲ ਫਾਰ ਅਡਲਟ ਐਂਡ ਐਕਸਪੈਰੀਐਂਟਲ ਲਰਨਿੰਗ ਬੋਰਡ (CAEL) ਅਤੇ ਨੈਸ਼ਨਲ ਕਾਊਂਸਿਲ ਫ਼ਾਰ ਐਕਰੇਡਿਟੇਸ਼ਨ ਆਫ਼ ਟੀਚਰ ਐਜੂਕੇਸ਼ਨ ਕਮਿਸ਼ਨ ਆਨ ਅਟੈਂਡਰਜ਼ ਐਂਡ ਪਰਫਾਰਮੈਂਸ ਰਿਪੋਰਟਿੰਗ ਦੇ ਮੈਂਬਰ ਵਜੋਂ ਸੇਵਾ ਨਿਭਾਈ।** ਡਾ. ਫੋਰਡ ਨੂੰ ਜੂਨ 2014 ਵਿੱਚ ਨੈੱਟਵਰਕ ਫਾਰ ਚੇਂਜ ਐਂਡ ਕੰਟੀਨਿਊਜ਼ ਇਨੋਵੇਸ਼ਨ (NCCI) ਰਾਹੀਂ ਚੇਂਜ ਰੈਕੋਗਨੀਸ਼ਨ ਪ੍ਰੋਗਰਾਮ ਐਵਾਰਡ ਦੇ ਤਿੰਨ ਪ੍ਰਾਪਤ ਕਰਤਾ ਵਿੱਚੋਂ ਇੱਕ ਹੋਣ ਦਾ ਮਾਣ ਪ੍ਰਾਪਤ ਹੋਇਆ। **ਆਪ ਜੀ ਨੂੰ ਜੂਨ 2015 ਵਿੱਚ ਮਿਲਵਾਕੀ ਬਿਜਨੈੱਸ ਜਨਰਲ ਦੁਆਰਾ ਵਿਮੈਨ ਆਫ਼ ਇਨਫਲੂਐਂਸ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।** ਡਾ. ਡੈਬੋਰਾਹ ਐੱਲ. ਫੋਰਡ ਜੀ ਉੱਚ ਪਾਏ ਦੇ ਸਮਾਜ ਦੀ ਸਿਰਜਣਾ ਅਤੇ ਸਥਿਰ ਵਿਕਾਸ ਲਈ ਹਮੇਸ਼ਾ ਯਤਨਸ਼ੀਲ ਰਹਿੰਦੇ ਹਨ। **ਆਪ**

**2009 ਤੋਂ ਯੂਨੀਵਰਸਿਟੀ ਆਫ਼ ਵਿਸਕਾਂਸਿਨ, ਪਾਰਕਸਾਇਡ, ਯੂ.ਐੱਸ.ਏ. ਦੇ ਚਾਂਸਲਰ ਵਜੋਂ ਸੇਵਾ ਨਿਭਾ ਰਹੇ ਹਨ।**

ਕਾਲਜ ਵਾਸਤੇ ਇਹ ਵੀ ਬੜੇ ਫ਼ਖ਼ਰ ਵਾਲੀ ਗੱਲ ਹੈ ਕਿ ਉੱਚ ਸਿੱਖਿਆ ਦੇ ਖੇਤਰ ਨਾਲ ਜੁੜੀ ਇੱਕ ਹੋਰ ਅਹਿਮ ਸਖ਼ਸ਼ੀਅਤ **ਡਾ. ਅਭੈ ਕੁਰੂਵਿੱਲਾ ਜੀ, ਐਗਜ਼ੀਕਿਊਟਿਵ ਡਾਇਰੈਕਟਰ, ਯੂਨੀਵਰਸਿਟੀ ਆਫ਼ ਵਿਸਕਾਂਸਿਨ, ਪਾਰਕਸਾਇਡ, ਯੂ.ਐੱਸ.ਏ.** ਅੱਜ ਬਤੌਰ **ਸਨਮਾਨਿਤ ਮਹਿਮਾਨ** ਸਾਡੇ ਦਰਮਿਆਨ ਸਾਡੇ ਵਿਦਿਆਰਥੀਆਂ ਨੂੰ ਡਿਗਰੀਆਂ ਪ੍ਰਦਾਨ ਕਰਨ ਵਾਸਤੇ ਪਹੁੰਚੇ ਹਨ। **ਡਾ. ਕੁਰੂਵਿੱਲਾ ਆਕਲੈਂਡ ਯੂਨੀਵਰਸਿਟੀ, ਲਾਰੈਂਸ ਟੈਕਨੀਕਲ ਯੂਨੀਵਰਸਿਟੀ, ਵਾਇਨੇ ਸਟੇਟ ਯੂਨੀਵਰਸਿਟੀ** ਅਤੇ **ਲੁਈਜ਼ਵਿੱਲੇ ਯੂਨੀਵਰਸਿਟੀ** ਵਿਖੇ ਵੱਖ-ਵੱਖ ਅਹੁਦਿਆਂ 'ਤੇ ਸੇਵਾ ਨਿਭਾ ਚੁੱਕੇ ਹਨ। ਆਪ ਵਰਤਮਾਨ ਸਮੇਂ ਵਿੱਚ **ਵਿਸਕਾਂਸਿਨ ਯੂਨੀਵਰਸਿਟੀ** ਵਿਖੇ **ਸਸਟੇਂਨੇਬਲ ਮੈਨੇਜਮੈਂਟ ਪ੍ਰੋਗਰਾਮ** ਦਾ ਵਿਸ਼ਾ ਪੜ੍ਹਾ ਰਹੇ ਹਨ। ਆਪ ਜੀ ਦੀ ਖੋਜ ਦਾ ਮੁੱਖ ਵਿਸ਼ਾ **ਐਂਬੂਲੈਂਸ ਡਾਇਵਰਜ਼ਨ ਇਨ ਐਮਰਜੈਂਸੀ ਮੈਡੀਕਲ ਸਿਸਟਮ** ਅਤੇ **ਸਸਟੇਂਨੇਬਲ ਟੂਰਿਜ਼ਮ ਮੈਨੇਜਮੈਂਟ** ਰਿਹਾ ਹੈ ਅਤੇ ਆਪ ਜੀ ਨੇ **ਹਿਊਮਨ ਐਸਪੈਕਟਸ ਆਫ਼ ਓਪਰੇਸ਼ਨ ਮੈਨੇਜਮੈਂਟ** ਖ਼ਾਸ ਕਰਕੇ **ਕਰਾਸ ਕਲਚਰ ਕਮਿਊਨੀਕੇਸ਼ਨ** ਖੇਤਰ ਵਿੱਚ ਖੋਜ ਪ੍ਰਤੀ ਜਾਗਰੂਕਤਾ ਪੈਦਾ ਕੀਤੀ ਹੈ। ਅਸੀਂ, ਆਪ ਜੀ ਦਾ ਇਸ ਕਨਵੋਕੇਸ਼ਨ ਵਿੱਚ ਪਹੁੰਚਣ 'ਤੇ ਨਿੱਘਾ ਸਵਾਗਤ ਕਰਦੇ ਹਾਂ।

ਆਪਣੀ ਸਥਾਪਤੀ ਦੇ **60ਵੇਂ ਵਰ੍ਹੇ** ਨੂੰ ਪੂਰੇ ਕਰ ਰਹੇ **ਜਨਰਲ ਸ਼ਿਵਦੇਵ ਸਿੰਘ ਦੀਵਾਨ ਗੁਰਬਚਨ ਸਿੰਘ ਖ਼ਾਲਸਾ ਕਾਲਜ, ਪਟਿਆਲਾ** ਦਾ ਪੰਜਾਬ ਦੀਆਂ ਵਿਦਿਅਕ ਸੰਸਥਾਵਾਂ ਵਿਚ ਅਹਿਮ ਸਥਾਨ ਹੈ। ਇਸ ਵਿਦਿਅਕ ਸੰਸਥਾ ਨੂੰ ਸਥਾਪਿਤ ਕਰਨ ਵਿੱਚ **ਸ੍ਰੀ ਗੁਰੂ ਸਿੰਘ ਸਭਾ ਪਟਿਆਲਾ** ਅਤੇ ਇਸ ਨਾਲ ਜੁੜੀਆਂ ਮਹਾਨ ਸਖ਼ਸ਼ੀਅਤਾਂ ਪਦਮਸ਼੍ਰੀ **ਡਾ.ਖੁਸ਼ਦੇਵਾ ਸਿੰਘ,** ਸਿੱਖ ਇਤਿਹਾਸ ਦੇ ਥੰਮ੍ਹ **ਡਾ. ਗੰਡਾ ਸਿੰਘ** ਅਤੇ **ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ, ਪਟਿਆਲਾ** ਨੇ ਮਹੱਤਵਪੂਰਨ ਰੋਲ ਅਦਾ ਕੀਤਾ।

ਮੁੱਢਲੇ ਦੌਰ ਵਿੱਚ ਕਾਲਜ ਨੂੰ ਸਥਾਪਤ ਕਰਨ ਵਿੱਚ **ਜਨਰਲ ਸ਼ਿਵਦੇਵ ਸਿੰਘ ਦੀਵਾਨ ਗੁਰਬਚਨ ਸਿੰਘ ਟਰੱਸਟ** ਅਤੇ ਬੁਲੰਦੀਆਂ ਦੀਆਂ ਰਾਹਾਂ 'ਤੇ ਪਹੁੰਚਾਉਣ ਵਿੱਚ **ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ** ਨੇ **ਮਹੱਤਵਪੂਰਨ ਯੋਗਦਾਨ** ਪਾਇਆ।

ਕਾਲਜ ਵਾਸਤੇ ਇਹ ਵੀ ਬੜੇ ਮਾਣ ਵਾਲੀ ਗੱਲ ਹੈ ਕਿ ਸਿੱਖ ਧਰਮ ਦੀਆਂ ਬਹੁਤ ਹੀ ਉੱਚ ਕੋਟੀ ਦੀਆਂ ਸਖ਼ਸ਼ੀਅਤਾਂ, **ਪੰਥ ਰਤਨ ਸਵਰਗਵਾਸੀ ਜਥੇਦਾਰ ਗੁਰਚਰਨ ਸਿੰਘ ਜੀ ਟੌਹੜਾ, ਬੀਬੀ ਜਗੀਰ ਕੌਰ ਜੀ, ਪ੍ਰੋ. ਕਿਰਪਾਲ ਸਿੰਘ ਜੀ ਬਡੂੰਗਰ, ਜਥੇਦਾਰ ਜਗਦੇਵ ਸਿੰਘ ਜੀ ਤਲਵੰਡੀ** ਅਤੇ **ਜਥੇਦਾਰ ਅਵਤਾਰ ਸਿੰਘ ਜੀ** ਇਸ ਦੀ ਪ੍ਰਬੰਧਕ ਕਮੇਟੀ ਦੀਆਂ ਪ੍ਰਧਾਨ ਰਹਿ ਚੁੱਕੀਆਂ ਹਨ।

ਸਿੱਖ ਧਰਮ, ਕੌਮ, ਵਿਰਸੇ ਅਤੇ ਵਿੱਦਿਆ ਨੂੰ ਸਮਰਪਿਤ **ਭਾਈ ਗੋਬਿੰਦ ਸਿੰਘ ਜੀ ਲੌਂਗੋਵਾਲ** ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਇਸ ਵੇਲੇ **ਕਾਲਜ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ** ਹੋਣ ਦੀ ਸੇਵਾ ਨਿਭਾ ਰਹੇ ਹਨ ਅਤੇ ਇਨ੍ਹਾਂ ਦੀ ਸਰਪ੍ਰਸਤੀ ਅਧੀਨ ਕਾਲਜ ਸਿੱਖਿਆ ਦੇ ਖੇਤਰ ਵਿਚ ਨਵੇਂ ਮੀਲ ਪੱਥਰ ਸਥਾਪਤ ਕਰ ਰਿਹਾ ਹੈ। ਇਨ੍ਹਾਂ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ

ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਡਾਇਰੈਕਟਰ ਐਜੂਕੇਸ਼ਨ **ਡਾ. ਤੇਜਿੰਦਰ ਕੌਰ ਧਾਲੀਵਾਲ ਜੀ,** ਮੁੱਖ ਸਕੱਤਰ **ਡਾ. ਰੂਪ ਸਿੰਘ ਜੀ,** ਸਕੱਤਰ ਸਿੱਖਿਆ **ਸ. ਅਵਤਾਰ ਸਿੰਘ ਸੈਂਪਲਾ ਜੀ** ਅਤੇ ਕਾਲਜ ਗਵਰਨਿੰਗ ਬਾਡੀ ਦੇ ਆਨਰੇਰੀ ਸਕੱਤਰ **ਸ. ਸੁਰਜੀਤ ਸਿੰਘ ਰੱਖੜਾ ਜੀ** ਦੀ ਸੁਯੋਗ ਅਗਵਾਈ ਸਦਕਾ ਕਾਲਜ ਨਿੱਤ-ਦਿਨ ਤਰੱਕੀ ਕਰ ਰਿਹਾ ਹੈ ਅਤੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਅਕਾਦਮਿਕ ਅਤੇ ਹੋਰ ਖ਼ੇਤਰਾਂ ਵਿਚ ਉਚੇਰੀਆਂ ਮੰਜ਼ਿਲਾਂ ਨੂੰ ਛੂਹ ਰਿਹਾ ਹੈ।

# ਸਾਲਾਨਾ ਰਿਪੋਰਟ 2018-19

ਪਿਛਲੇ ਸੈਸ਼ਨਾਂ ਦੀ ਤਰ੍ਹਾਂ ਕਾਲਜ ਵਾਸਤੇ ਇਹ ਸੈਸ਼ਨ ਵੀ ਬਹੁਤ ਸੁਭਾਗਾ ਰਿਹਾ। ਇਸ ਸੈਸ਼ਨ ਦੌਰਾਨ ਕਾਲਜ ਦੇ ਅਧਿਆਪਕਾਂ ਨੇ ਖੋਜ ਦੇ ਖੇਤਰ ਵਿੱਚ ਅਤੇ ਵਿਦਿਆਰਥੀਆਂ ਨੇ ਅਕਾਦਮਿਕ, ਖੇਡਾਂ ਅਤੇ ਸੱਭਿਆਚਾਰਕ ਸਰਗਰਮੀਆਂ ਦੇ ਖੇਤਰ ਵਿੱਚ ਕਾਲਜ ਦਾ ਨਾਮ ਰਾਸ਼ਟਰੀ ਅਤੇ ਅੰਤਰਰਾਸ਼ਰੀ ਪੱਧਰ 'ਤੇ ਰੌਸ਼ਨ ਕੀਤਾ। **ਇਸ ਸੈਸ਼ਨ ਦੌਰਾਨ ਕਾਲਜ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਵਿੱਦਿਆ ਦੇ ਅੰਤਰਰਾਸ਼ਟਰੀ ਮਿਆਰਾਂ ਦੇ ਪੱਧਰ ਦਾ ਕਰਨ ਲਈ ਕਾਲਜ ਵੱਲੋਂ** ਸਤੰਬਰ 2018 ਦੌਰਾਨ **ਸਾਈਨਰਜੀ ਯੂਨੀਵਰਸਿਟੀ ਮਾਸਕੋ, ਰੂਸ ਨਾਲ ਐਮ.ਓ.ਯੂ. ਸਾਇਨ ਕੀਤਾ** ਗਿਆ। ਮਿਤੀ 12 ਨਵੰਬਰ 2018 ਨੂੰ ਸਥਾਨਕ ਕਾਲਜ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ **ਪ੍ਰਧਾਨ ਭਾਈ ਗੋਬਿੰਦ ਸਿੰਘ ਜੀ ਲੌਂਗੋਵਾਲ,** ਯੂਨੀਵਰਸਿਟੀ ਆਫ਼ ਵਿਸਕਾਨਸਿਨ ਦੇ ਅੰਤਰਰਾਸ਼ਟਰੀ ਮਾਮਲਿਆਂ ਦੇ **ਡਾਇਰੈਕਟਰ ਡਾ. ਅਬੈ ਕੁਰੂਵਿੱਲਾ** ਅਤੇ ਰੱਖੜਾ ਪਰਿਵਾਰ ਦੇ **ਸਰਦਾਰ ਦਰਸ਼ਨ ਸਿੰਘ ਧਾਲੀਵਾਲ** ਦੁਆਰਾ **ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ** ਅਤੇ **ਯੂਨੀਵਰਸਿਟੀ ਆਫ਼ ਵਿਸਕਾਨਸਿਨ** ਅਤੇ **ਧਾਲੀਵਾਲ (ਰੱਖੜਾ) ਪਰਿਵਾਰ** ਦਰਮਿਆਨ **ਐਮ.ਓ.ਯੂ. ਸਾਇਨ ਕੀਤਾ** ਗਿਆ।

## 1. ਦਾਖ਼ਲੇ

ਕਾਲਜ ਵਿੱਚ ਸੈਸ਼ਨ 2018-19 ਦੌਰਾਨ 6446 ਵਿਦਿਆਰਥੀਆਂ ਨੇ ਦਾਖ਼ਲਾ ਲਿਆ ਜਿਨ੍ਹਾਂ ਵਿੱਚ ਕੁੱਲ 3935 ਲੜਕੇ ਅਤੇ 2511 ਲੜਕੀਆਂ ਹਨ।

## 2. ਅਧਿਆਪਕਾਂ ਅਤੇ ਵਿਦਿਆਰਥੀਆਂ ਦੀਆਂ ਵਿੱਦਿਅਕ ਪ੍ਰਾਪਤੀਆਂ

### 2.1 ਅਧਿਆਪਕਾਂ ਦੀਆਂ ਵਿੱਦਿਅਕ ਪ੍ਰਾਪਤੀਆਂ:

ਇਸ ਸੈਸ਼ਨ ਦੌਰਾਨ ਡਾ. ਕੋਮਲਦੀਪ ਕੌਰ ਨੇ ਦੇਸ਼ ਭਗਤ ਯੂਨੀਵਰਸਿਟੀ, ਮੰਡੀ ਗੋਬਿੰਦਗੜ੍ਹ ਤੋਂ ਅਤੇ ਡਾ. ਸਤਵਿੰਦਰ ਕੌਰ, ਡਾ. ਹਿਨਾ ਅਤੇ ਡਾ. ਅਮਰਪ੍ਰੀਤ ਕੌਰ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਆਪਣੀ **ਪੀਐਚ.ਡੀ. ਦੀ ਡਿਗਰੀ** ਮੁਕੰਮਲ ਕੀਤੀ।

**ਪ੍ਰੋ. ਸੁਖਮਨਦੀਪ ਕੌਰ** ਨੇ ਮਾਰਚ 2018 ਵਿੱਚ **ਗੇਟ** ਕਲੀਅਰ ਕੀਤਾ ਅਤੇ ਜੂਨ 2018 ਵਿੱਚ **ਨੈੱਟ ਜੇ.ਆਰ.ਐਫ.** ਦਾ ਪੇਪਰ ਕਲੀਅਰ ਕੀਤਾ।

## 2.2 ਵਿਦਿਆਰਥੀਆਂ ਦੀਆਂ ਵਿੱਦਿਅਕ ਪ੍ਰਾਪਤੀਆਂ:

### 2.2.1 ਵਿਦਿਆਰਥੀਆਂ ਦੁਆਰਾ ਰਾਸ਼ਟਰੀ ਪੱਧਰ ਦੀਆਂ ਅਕਾਦਮਿਕ ਪ੍ਰਾਪਤੀਆਂ:

ਕਾਲਜ ਵਾਸਤੇ ਇਹ ਬੜੇ ਫ਼ਖ਼ਰ ਵਾਲੀ ਗੱਲ ਹੈ ਕਿ ਇਸ ਸੈਸ਼ਨ ਦੌਰਾਨ ਕਾਲਜ ਦੇ ਮੌਜੂਦਾ ਅਤੇ ਸਾਬਕਾ ਹੋਣਹਾਰ **25 ਵਿਦਿਆਰਥੀਆਂ ਨੇ ਰਾਸ਼ਟਰੀ ਪੱਧਰ ਦੀਆਂ ਪ੍ਰੀਖਿਆਵਾਂ (ਯੂ.ਜੀ.ਸੀ.- JRF/NET) ਪਾਸ** ਕੀਤੀਆਂ। ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ:-

ਐਮ.ਐਸਸੀ.ਮੈਥੇਮੈਟਿਕਸ: 05 JRF/ 05 NET

ਐਮ.ਏ. ਪੰਜਾਬੀ: 07 NET

ਐਮ.ਕਾਮ: 01 JRF/ 02 NET

ਐਮ.ਐਸਸੀ.ਆਈ.ਟੀ: 01 NET

ਐਮ.ਐਸਸੀ.ਕਮਿਸਟਰੀ: 01 NET

ਐਮ.ਏ. ਇੰਗਲਿਸ਼:02 NET

ਐਮ.ਏ. ਮਿਊਜ਼ਿਕ (ਵੋਕਲ): 01 NET

### 2.2.2 ਕਾਲਜ ਵਿਚੋਂ ਪਹਿਲਾ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀ:

ਕਾਲਜ ਦੇ ਮਿਹਨਤੀ ਸਟਾਫ ਦੀ ਦੇਖ-ਰੇਖ ਅਧੀਨ ਕਾਲਜ ਦੇ ਵਿਦਿਆਰਥੀਆਂ ਨੇ ਸੈਸ਼ਨ 2018-19 ਦੀਆਂ ਪ੍ਰੀਖਿਆਵਾਂ ਦੌਰਾਨ ਕਾਬਲ-ਏ-ਤਾਰੀਫ਼ ਮੱਲਾਂ ਮਾਰੀਆਂ। ਕਾਲਜ ਦੇ ਹੇਠ ਲਿਖੇ ਵਿਦਿਆਰਥੀਆਂ ਨੇ 85% ਤੋਂ ਵੱਧ ਅੰਕ ਲੈ ਕੇ ਆਪਣੀ-ਆਪਣੀ ਕਲਾਸ ਵਿੱਚ ਕਾਲਜ ਵਿਚੋਂ ਪਹਿਲਾ ਸਥਾਨ ਹਾਸਲ ਕੀਤਾ, ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ:-

ਬੀ.ਐਸਸੀ. ਨਾਨ-ਮੈਡੀਕਲ ਭਾਗ ਪਹਿਲਾ ਦੀ ਮਨਪ੍ਰੀਤ ਕੌਰ ਨੇ 92.9% ਅੰਕ ਲੈ ਕੇ, ਬੀ.ਐਸਸੀ. ਨਾਨ-ਮੈਡੀਕਲ ਭਾਗ ਦੂਜਾ ਦੀ ਸਮਨਦੀਪ ਕੌਰ ਨੇ 89.79% ਅੰਕ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਬੀ.ਐਸਸੀ. ਮੈਡੀਕਲ ਭਾਗ ਪਹਿਲਾ ਦੇ ਗੁਰਪ੍ਰੀਤ ਸ਼ਰਮਾ ਨੇ 88.05% ਅੰਕ ਲੈ ਕੇ, ਬੀ.ਐਸਸੀ. ਮੈਡੀਕਲ ਭਾਗ ਦੂਜਾ ਦੀ ਉਪਿੰਦਰ ਕੌਰ ਨੇ 90.8% ਅੰਕ ਲੈ ਕੇ ਅਤੇ ਬੀ.ਐਸਸੀ. ਮੈਡੀਕਲ ਭਾਗ ਤੀਜਾ ਦੀ ਹਰਮਨਬੀਰ ਕੌਰ ਰੰਧਾਵਾ ਨੇ 86% ਅੰਕ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਬੀ.ਐਸਸੀ. ਐਗਰੀਕਲਚਰ ਭਾਗ ਪਹਿਲਾ ਦੀ **ਗੁਰਨੀਤ ਕੌਰ** ਨੇ 85.2% ਅੰਕ ਲੈ ਕੇ ਅਤੇ

ਬੀ.ਐਸਸੀ. ਐਗਰੀਕਲਚਰ ਭਾਗ ਦੂਜਾ ਦੀ **ਨਵਰੀਤ ਕੌਰ** ਨੇ 90.2% ਅੰਕ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਬੀ.ਐਸਸੀ. ਬਾਇਓਟੈਕਨੌਲੋਜੀ ਭਾਗ ਪਹਿਲਾ ਦੀ **ਮਹਿਕਪ੍ਰੀਤ ਕੌਰ** ਨੇ 86.20% ਅੰਕ ਲੈ ਕੇ ਅਤੇ ਬੀ.ਐਸਸੀ. ਬਾਇਓਟੈਕਨੌਲੋਜੀ ਭਾਗ ਦੂਜਾ ਦੀ **ਨਵਦੀਪ ਕੌਰ** ਨੇ 87.7% ਅੰਕ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਬੀ.ਐਸਸੀ. ਸੀ.ਐਸ.ਐਮ. ਭਾਗ ਪਹਿਲਾ ਦੀ **ਕੋਮਲਦੀਪ ਵਿਰਦੀ** ਨੇ 89.8% ਅੰਕ ਲੈ ਕੇ, ਬੀ.ਐਸਸੀ. ਸੀ.ਐਸ.ਐਮ. ਭਾਗ ਦੂਜਾ ਦੀ **ਹਰਪ੍ਰੀਤ ਕੌਰ** ਨੇ 85.75% ਅੰਕ ਲੈ ਕੇ ਅਤੇ ਬੀ.ਐਸਸੀ. ਸੀ.ਐਸ.ਐਮ. ਭਾਗ ਤੀਜਾ ਦੀ **ਮਮਤਾ ਰਾਣੀ** ਨੇ 90.14% ਅੰਕ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਬੀ.ਐਸਸੀ. ਆਨਰਜ਼ ਮੈਥੇਮੈਟਿਕਸ ਭਾਗ ਪਹਿਲਾ ਦੀ **ਸਿਫ਼ਤੀ** ਨੇ 89.6% ਅੰਕ ਲੈ ਕੇ, ਬੀ.ਐਸਸੀ. ਆਨਰਜ਼ ਮੈਥੇਮੈਟਿਕਸ ਭਾਗ ਦੂਜਾ ਦੀ **ਅਸ਼ਵੇਤਾ ਵਾਸਨ** ਨੇ 89.5% ਅੰਕ ਲੈ ਕੇ ਅਤੇ ਬੀ.ਐਸਸੀ. ਆਨਰਜ਼ ਮੈਥੇਮੈਟਿਕਸ ਭਾਗ ਤੀਜਾ ਦੀ **ਕੰਚਨ** ਨੇ 85.55% ਅੰਕ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਬੀ.ਐਸਸੀ. ਆਨਰਜ਼ ਫਿਜ਼ਿਕਸ ਭਾਗ ਦੂਜਾ ਦੀ **ਵਿਧੀ ਦੈਂਬਲਾ** ਨੇ 89.5% ਅੰਕ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਬੀ.ਐਸਸੀ. ਆਨਰਜ਼ ਕਮਿਸਟਰੀ ਭਾਗ ਪਹਿਲਾ ਦੀ **ਜਸਪ੍ਰੀਤ ਕੌਰ** ਨੇ 91.15% ਅੰਕ ਲੈ ਕੇ, ਬੀ.ਐਸਸੀ. ਆਨਰਜ਼ ਕਮਿਸਟਰੀ ਭਾਗ ਦੂਜਾ ਦੀ **ਦੀਵਾਂਗੀ ਸ਼ਰਮਾ** ਨੇ 91.3% ਅੰਕ ਲੈ ਕੇ ਅਤੇ ਬੀ.ਐਸਸੀ. ਆਨਰਜ਼ ਕਮਿਸਟਰੀ ਭਾਗ ਤੀਜਾ ਦੀ **ਕਿਰਨਦੀਪ ਕੌਰ** ਨੇ 91.62% ਅੰਕ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਬੀ.ਕਾਮ. ਭਾਗ ਪਹਿਲਾ ਦੀ **ਗੁਰਨੂਰ ਕੌਰ** ਨੇ 90.85% ਅੰਕ ਲੈ ਕੇ ਅਤੇ ਬੀ.ਕਾਮ. ਭਾਗ ਦੂਜਾ ਦੀ **ਮਨਮੀਤ ਕੌਰ** ਨੇ 92.09% ਅੰਕ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਬੀ.ਕਾਮ. ਆਨਰਜ਼ ਭਾਗ ਪਹਿਲਾ ਦੀ **ਪ੍ਰਾਤਿਸ਼ਕਾ ਸਰਕਾਰ** ਨੇ 91.65% ਅੰਕ ਲੈ ਕੇ ਅਤੇ ਬੀ.ਕਾਮ. ਆਨਰਜ਼ ਭਾਗ ਦੂਜਾ ਦੀ **ਚਾਰੂ** ਨੇ 86.65% ਅੰਕ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਬੀ.ਬੀ.ਏ. ਭਾਗ ਪਹਿਲਾ ਦੀ **ਅਮਰੋਜ਼ ਕੌਰ** ਨੇ 88.00% ਅੰਕ ਲੈ ਕੇ ਅਤੇ ਬੀ.ਬੀ.ਏ. ਭਾਗ ਦੂਜਾ ਦੀ **ਸਾਕਸ਼ੀ ਰਾਣੀ** ਨੇ 87.72% ਅੰਕ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਬੀ.ਸੀ.ਏ. ਭਾਗ ਪਹਿਲਾ ਦੇ **ਹਰਮਨਪ੍ਰੀਤ ਸਿੰਘ** ਨੇ 87.5% ਅੰਕ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਬੀ.ਏ. ਭਾਗ ਪਹਿਲਾ ਦੇ **ਸਿਮਰਨ ਗਰੋਵਰ** ਨੇ 94.15% ਅੰਕ ਲੈ ਕੇ ਅਤੇ ਬੀ.ਏ. ਭਾਗ ਦੂਜਾ ਦੀ **ਜਯੋਤੀ** ਨੇ 90.28% ਅੰਕ ਲੈ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ। ਬੀ.ਵਾਕ.ਫੂਡ ਪ੍ਰੋਸੈਸਿੰਗ ਐਂਡ ਇੰਜੀਨੀਅਰਿੰਗ ਭਾਗ ਪਹਿਲਾ ਦੀ **ਨਵਦੀਪ ਕੌਰ** ਨੇ 87.7% ਅੰਕ ਲੈ ਕੇ ਬੀ.ਵਾਕ.ਫੂਡ ਪ੍ਰੋਸੈਸਿੰਗ ਐਂਡ ਇੰਜੀਨੀਅਰਿੰਗ ਭਾਗ ਤੀਜਾ ਦੀ **ਹਰਸਿਮਰਨ ਕੌਰ** ਨੇ 87.6% ਅੰਕ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਬੀ.ਵਾਕ.ਸਾਫ਼ਟਵੇਅਰ ਡਿਵੈਲਪਮੈਂਟ ਭਾਗ ਪਹਿਲਾ ਦੇ **ਯਾਦਵਿੰਦਰ ਸਿੰਘ ਚੀਮਾ** ਨੇ 86.00% ਅੰਕ ਲੈ ਕੇ, ਬੀ.ਵਾਕ.ਸਾਫ਼ਟਵੇਅਰ ਡਿਵੈਲਪਮੈਂਟ ਭਾਗ ਦੂਜਾ ਦੀ **ਪੁਸ਼ਪਦੀਪ ਕੌਰ** 85.35% ਅੰਕ ਲੈ ਕੇ ਅਤੇ ਬੀ.ਵਾਕ.ਸਾਫ਼ਟਵੇਅਰ ਡਿਵੈਲਪਮੈਂਟ ਭਾਗ ਤੀਜਾ ਦੀ **ਗੁਰਕੀਰਤ ਕੌਰ** ਨੇ 94.00% ਅੰਕ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਬੀ.ਵਾਕ.ਆਟੋ ਮੋਬਾਇਲ ਭਾਗ ਪਹਿਲਾ ਦੇ **ਗੁਰਮੀਤ ਸਿੰਘ** ਨੇ 86.00% ਅੰਕ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਡੀ.ਸੀ.ਐਚ.ਐਨ. ਦੀ **ਸੰਦੀਪ ਕੌਰ** ਨੇ 88.00% ਅੰਕ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਐਮ.ਐਲ.ਡੀ. ਭਾਗ ਪਹਿਲਾ ਦੀ **ਸਿਮਰਨਜੀਤ ਕੌਰ** ਨੇ 87.7% ਅੰਕ ਲੈ ਕੇ ਅਤੇ ਐਮ.ਐਲ.ਡੀ.

ਭਾਗ ਦੂਜਾ ਦੀ **ਦਿਵਜੋਤ ਕੌਰ ਕਾਹਲੋਂ** ਨੇ 90.00% ਅੰਕ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਐਮ.ਕਾਮ. ਭਾਗ ਪਹਿਲਾ ਦੀ **ਲਵਿਕਾ** ਨੇ 92.5% ਅੰਕ ਲੈ ਕੇ ਅਤੇ ਐਮ.ਕਾਮ. ਭਾਗ ਦੂਜਾ ਦੀ **ਗੁਰਸਿਮਰਨ ਕੌਰ** ਨੇ 89.80% ਅੰਕ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਐਮ.ਐਸਸੀ. ਕਮਿਸਟਰੀ ਭਾਗ ਦੂਜਾ ਦੀ **ਰਮਨਾ** ਨੇ 89.60% ਅੰਕ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਐਮ.ਐਸਸੀ.ਫਿਜ਼ਿਕਸ ਭਾਗ ਪਹਿਲਾ ਦੀ **ਮਹੀਪ ਕੌਰ** ਨੇ 86.95% ਅੰਕ ਲੈ ਕੇ ਅਤੇ ਐਮ.ਐਸਸੀ.ਫਿਜ਼ਿਕਸ ਭਾਗ ਦੂਜਾ ਦੀ **ਅਨੀਸ਼ਾ ਗੁਪਤਾ** ਨੇ 86.00% ਅੰਕ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਐਮ.ਐਸਸੀ.ਫੈਸ਼ਨ ਡਿਜ਼ਾਇੰਨਿੰਗ ਐਂਡ ਟੈਕਨਾਲੌਜੀ ਭਾਗ ਪਹਿਲਾ ਦੀ **ਗੁਰਸ਼ਰਨ ਕੌਰ** ਨੇ 86.3% ਅੰਕ ਲੈ ਕੇ ਅਤੇ ਐਮ.ਐਸਸੀ.ਫੈਸ਼ਨ ਡਿਜ਼ਾਇੰਨਿੰਗ ਐਂਡ ਟੈਕਨਾਲੌਜੀ ਭਾਗ ਦੂਜਾ ਦੀ **ਰਾਧਿਕਾ ਵੈਦ** ਨੇ 94.70% ਅੰਕ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਐਮ.ਐਸਸੀ.ਐਗਰੀਕਲਚਰ ਭਾਗ ਪਹਿਲਾ ਦੇ **ਅਮਨਦੀਪ ਸ਼ਰਮਾ** ਨੇ 91.4% ਅੰਕ ਲੈ ਕੇ ਐਮ.ਐਸਸੀ.ਐਗਰੀਕਲਚਰ ਭਾਗ ਦੂਜਾ ਦੇ **ਗੁਰਜੰਟ ਸਿੰਘ** 90.90% ਅੰਕ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਐਮ.ਐਸਸੀ. ਆਈ.ਟੀ. ਭਾਗ ਪਹਿਲਾ ਦੀ **ਰਮਨਜੀਤ ਕੌਰ** ਨੇ 86.05% ਅੰਕ ਲੈ ਕੇ ਐਮ.ਐਸਸੀ. ਆਈ.ਟੀ. ਭਾਗ ਦੂਜਾ ਦੀ **ਸ਼ਹਿਨਾਜ਼** ਨੇ 86.40% ਅੰਕ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਐਮ.ਐਸਸੀ. ਮੈਥੇਮੈਟਿਕਸ ਭਾਗ ਪਹਿਲਾ ਦੀ **ਲਖਵਿੰਦਰ ਕੌਰ** ਨੇ 96.00% ਅੰਕ ਲੈ ਕੇ ਅਤੇ **ਗੀਤਿਕਾ ਸਿੰਗਲਾ** ਨੇ 96.00% ਅੰਕ ਲੈ ਕੇ, ਐਮ.ਐਸਸੀ. ਮੈਥੇਮੈਟਿਕਸ ਭਾਗ ਦੂਜਾ ਦੀ **ਰਜਿੰਦਰ ਕੌਰ** ਨੇ 95.00% ਅੰਕ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਐਮ.ਐਸਸੀ. ਸਟੈਟੇਸਟਿਕਸ ਭਾਗ ਪਹਿਲਾ ਦੀ **ਨਵਦੀਪ ਕੌਰ** ਨੇ 88.05% ਅੰਕ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਐਮ.ਏ. ਮਿਊਜ਼ਿਕ ਵੋਕਲ ਭਾਗ ਪਹਿਲਾ ਦੀ **ਮਨੀਸ਼ਾ** ਨੇ 93.75% ਅੰਕ ਲੈ ਕੇ ਅਤੇ ਐਮ.ਏ. ਮਿਊਜ਼ਿਕ ਵੋਕਲ ਭਾਗ ਦੂਜਾ ਦੀ **ਪੂਰਤੀ ਜੈਨ** ਨੇ 89.40% ਅੰਕ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਐਮ.ਏ. ਸਾਇਕਾਲੋਜੀ ਭਾਗ ਦੂਜਾ ਦੀ **ਅਮਨਦੀਪ ਕੌਰ** ਨੇ 86.7% ਅੰਕ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਐਮ.ਏ. ਪੁਲੀਟੀਕਲ ਸਾਇੰਸ ਭਾਗ ਦੂਜਾ ਦੀ **ਅਮਨਪ੍ਰੀਤ ਕੌਰ** ਨੇ 85.00% ਅੰਕ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ।

## 3. ਕਾਲਜ ਵੱਲੋਂ ਆਯੋਜਿਤ ਅੰਤਰਰਾਸ਼ਟਰੀ ਕਾਨਫ਼ਰੰਸਾਂ:

### 3.1 ਦੂਜੀ ਖ਼ਾਲਸਾ ਕਾਲਜ ਗਲੋਬਲ ਪੰਜਾਬੀ ਕਾਨਫ਼ਰੰਸ:

ਮਿਤੀ 10 ਅਤੇ 11 ਮਾਰਚ 2019 ਨੂੰ ਕਾਲਜ ਵੱਲੋਂ **ਦੂਜੀ ਖ਼ਾਲਸਾ ਕਾਲਜ ਗਲੋਬਲ ਪੰਜਾਬੀ ਕਾਨਫ਼ਰੰਸ ਕਰਵਾਈ ਗਈ।** ਕਾਲਜ ਵੱਲੋਂ ਆਯੋਜਿਤ ਇਹ ਕਾਨਫ਼ਰੰਸ **ਸ੍ਰੀ ਗਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ** ਸੀ। ਇਸ ਕਾਨਫ਼ਰੰਸ ਦੇ ਉਦਘਾਟਨੀ ਸੈਸ਼ਨ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ **ਪ੍ਰਧਾਨ ਭਾਈ ਗੋਬਿੰਦ ਸਿੰਘ ਜੀ ਲੌਂਗੋਵਾਲ** ਨੇ ਬਤੌਰ **ਮੁੱਖ ਮਹਿਮਾਨ** ਸ਼ਿਰਕਤ ਕੀਤੀ। ਇਸ ਸੈਸ਼ਨ ਦੀ **ਪ੍ਰਧਾਨਗੀ** ਮੈਂਬਰ ਪਾਰਲੀਮੈਂਟ **ਸਰਦਾਰ ਬਲਵਿੰਦਰ ਸਿੰਘ ਜੀ ਭੂੰਦੜ** ਨੇ ਕੀਤੀ। ਇਸ ਕਾਨਫ਼ਰੰਸ ਦਾ **ਕੁੰਜੀਵਤ ਭਾਸ਼ਣ ਪਦਮ ਸ਼੍ਰੀ ਡਾਕਟਰ ਸੁਰਜੀਤ ਪਾਤਰ** ਨੇ ਕੀਤਾ। ਕਾਨਫਰੰਸ ਦੇ **ਸਮਾਪਨ ਸਮਾਰੋਹ ਦੀ ਪ੍ਰਧਾਨਗੀ** ਕਾਲਜ ਦੀ

**ਗਵਰਨਿੰਗ ਬਾਡੀ** ਦੇ **ਆਨਰੇਰੀ ਸਕੱਤਰ ਸਰਦਾਰ ਸੁਰਜੀਤ ਸਿੰਘ ਰੱਖੜਾ** ਨੇ ਕੀਤੀ ਅਤੇ ਕਨੇਡਾ ਦੇ **ਸਰਦਾਰ ਅਜਾਇਬ ਸਿੰਘ ਚੱਠਾ** ਨੇ ਬਤੌਰ **ਵਿਸ਼ੇਸ਼ ਮਹਿਮਾਨ** ਸ਼ਿਰਕਤ ਕੀਤੀ। ਇਸ ਕਾਨਫ਼ਰੰਸ ਵਿਚ **ਨੌਂ ਦੇਸ਼ਾਂ** ਤੋਂ ਆਏ ਸਾਹਿਤਕਾਰ, ਮੀਡੀਆ ਕਰਮੀਆਂ ਅਤੇ ਵਿਦਵਾਨਾਂ ਨੇ ਆਪਣੇ-ਆਪਣੇ ਵਿਚਾਰ ਪੇਸ਼ ਕੀਤੇ।

### 3.2 ਟਿਕਾਊ ਖੇਤੀਬਾੜੀ, ਖਾਦ ਸੁਰੱਖਿਆ ਅਤੇ ਵਾਤਾਵਰਣ ਅੰਤਰਰਾਸ਼ਟਰੀ ਕਾਨਫ਼ਰੰਸ:

ਮਿਤੀ 2 ਅਤੇ 3 ਨਵੰਬਰ 2018 ਨੂੰ ਕਾਲਜ ਵੱਲੋਂ ਰਾਸ਼ਟਰੀ ਪੱਧਰ ਦੀ ਸੰਸਥਾ, ਐਸੋਸੀਏਸ਼ਨ ਆਫ਼ ਪੰਜਾਬ ਜ਼ੋਗਰਾਫਰਜ਼ ਦੇ ਸਹਿਯੋਗ ਨਾਲ **ਟਿਕਾਊ ਖੇਤੀਬਾੜੀ, ਖਾਦ ਸੁਰੱਖਿਆ ਅਤੇ ਵਾਤਾਵਰਣ ਅੰਤਰਰਾਸ਼ਟਰੀ ਕਾਨਫ਼ਰੰਸ** ਦਾ ਆਯੋਜਨ ਕੀਤਾ ਗਿਆ। ਇਸ ਮੌਕੇ **ਭਾਰਤ ਸਰਕਾਰ ਦੇ ਵਾਤਾਵਰਣ ਅੰਬੈਸਡਰ ਪਦਮ ਸ਼੍ਰੀ ਮਾਣਯੋਗ ਸੰਤ ਬਾਬਾ ਬਲਬੀਰ ਸਿੰਘ ਜੀ ਸੀਚੇਵਾਲ** ਨੇ ਬਤੌਰ **ਮੁੱਖ ਮਹਿਮਾਨ** ਵਜੋਂ ਸ਼ਿਰਕਤ ਕੀਤੀ। ਇਸ ਕਾਨਫ਼ਰੰਸ ਦੇ **ਸਮਾਪਨ ਸਮਾਰੋਹ** ਦੌਰਾਨ ਇੰਗਲੈਂਡ ਦੀ ਆਕਸਫੋਰਡ ਯੂਨੀਵਰਸਿਟੀ ਦੇ ਆਕਸਫੋਰਡ ਸਕੂਲ ਆਫ਼ ਗਲੋਬਲ ਐਂਡ ਏਰੀਆ ਸਟੱਡੀ ਦੇ **ਪ੍ਰੋਫੈਸਰ ਪ੍ਰੋ. ਪ੍ਰੀਤਮ ਸਿੰਘ** ਨੇ ਪ੍ਰਧਾਨਗੀ ਭਾਸ਼ਣ ਦਿੱਤਾ। ਇਸ ਕਾਨਫਰੰਸ ਵਿਚ ਦੁਨੀਆਂ ਦੇ ਵੱਖ-ਵੱਖ **12 ਦੇਸ਼ਾਂ ਦੇ ਡੈਲੀਗੇਟਸ** ਨੇ ਭਾਗ ਲਿਆ।

## 4. ਕਾਲਜ ਵੱਲੋਂ ਆਯੋਜਿਤ ਰਾਸ਼ਟਰੀ ਸੈਮੀਨਾਰ/ਓਰੀਐਨਟੇਸ਼ਨ ਪ੍ਰੋਗਰਾਮ ਅਤੇ ਪੁਸਤਕ ਪ੍ਰਦਰਸ਼ਨੀ:

### 4.1 ਗੁਰੂ ਨਾਨਕ ਬਾਣੀ ਦੀ ਵਿਸਮਾਦ ਅਵਸਥਾ: ਭਵਿੱਖੀ ਸੰਭਾਵਨਾਵਾਂ ਰਾਸ਼ਟਰੀ ਸੈਮੀਨਾਰ:

ਮਿਤੀ 19 ਜਨਵਰੀ 2019 ਨੂੰ ਕਾਲਜ ਦੇ ਪੋਸਟ ਗ੍ਰੇਜੂਏਟ ਅੰਗਰੇਜ਼ੀ ਵਿਭਾਗ ਦੁਆਰਾ **ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ** ਨੂੰ ਸਮਰਪਿਤ **ਗੁਰੂ ਨਾਨਕ ਬਾਣੀ ਦੀ ਵਿਸਮਾਦ ਅਵਸਥਾ: ਭਵਿੱਖੀ ਸੰਭਾਵਨਾਵਾਂ** ਵਿਸ਼ੇ ’ਤੇ **ਇਕ ਰੋਜ਼ਾ ਰਾਸ਼ਟਰੀ ਸੈਮੀਨਾਰ** ਦਾ ਆਯੋਜਨ ਕੀਤਾ ਗਿਆ। ਇਸ ਕਾਨਫ਼ਰੰਸ ਦਾ **ਕੁੰਜੀਵਤ ਭਾਸ਼ਣ** ਵਿਸ਼ਵ ਯੂਨੀਵਰਸਿਟੀ, ਫਤਹਿਗੜ੍ਹ ਸਾਹਿਬ ਦੇ ਅੰਗ੍ਰੇਜ਼ੀ ਵਿਭਾਗ ਦੇ ਮੁਖੀ **ਡਾ. ਸਵਰਾਜ ਰਾਜ** ਨੇ ਕੀਤਾ।

### 4.2 ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੰਗੀਤ ਅਤੇ ਸੰਗੀਤ ਵਿਗਿਆਨ: ਗਲੋਬਲੀ ਪਰਿਪੇਖ ਰਾਸ਼ਟਰੀ ਸੈਮੀਨਾਰ:

ਮਿਤੀ 4 ਅਪ੍ਰੈਲ 2019 ਨੂੰ ਕਾਲਜ ਦੇ ਪੋਸਟ ਗ੍ਰੈਜੂਏਟ ਸੰਗੀਤ ਗਾਇਨ ਵਿਭਾਗ ਵੱਲੋਂ **ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੰਗੀਤ ਅਤੇ ਸੰਗੀਤ ਵਿਗਿਆਨ: ਗਲੋਬਲੀ ਪਰਿਪੇਖ** ਵਿਸ਼ੇ ’ਤੇ ਇਕ ਰੋਜ਼ਾ **ਰਾਸ਼ਟਰੀ ਸੈਮੀਨਾਰ** ਦਾ ਆਯੋਜਨ ਕੀਤਾ ਗਿਆ। ਸ੍ਰੀ **ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ** ਇਸ ਸੈਮੀਨਾਰ ਦੇ ਉਦਘਾਟਨੀ ਸੈਸ਼ਨ ਦੋਰਾਨ ਇੰਦਰਕਲਾ ਸੰਗੀਤ ਵਿਸ਼ਵਵਿਦਿਆਲਾ ਖੇਰਾਗੜ੍ਹ ਛੱਤੀਸਗੜ੍ਹ ਦੇ ਸਾਬਕਾ ਵਾਈਸ ਚਾਂਸਲਰ **ਡਾ. ਇੰਦਰਾਨੀ ਚੱਕਰਵਰਤੀ**

ਨੇ ਬਤੌਰ **ਮੁੱਖ ਮਹਿਮਾਨ** ਸ਼ਿਰਕਤ ਕੀਤੀ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਗੁਰਮਤਿ ਸੰਗੀਤ ਵਿਭਾਗ ਦੇ ਪ੍ਰੋਫੈਸਰ **ਡਾ. ਗੁਰਨਾਮ ਸਿੰਘ** ਨੇ ਇਸ ਸੈਮੀਨਾਰ ਦੀ **ਪ੍ਰਧਾਨਗੀ** ਕੀਤੀ ਅਤੇ **ਕੁੰਜੀਵਤ ਭਾਸ਼ਣ** ਦਿੱਤਾ।

### 4.3. ਰਾਸ਼ਟਰੀ ਪੱਧਰ ਦਾ ਫਰਟੀਲਾਈਜ਼ਰ ਓਰੀਐਨਟੇਸ਼ਨ ਪ੍ਰੋਗਰਾਮ:

ਮਿਤੀ 31 ਅਗਸਤ ਅਤੇ 1 ਸਤੰਬਰ 2018 ਨੂੰ ਕਾਲਜ ਦੇ ਪੋਸਟ ਗ੍ਰੈਜੂਏਟ ਖੇਤੀਬਾੜੀ ਵਿਭਾਗ ਦੁਆਰਾ ਫਰਟੀਲਾਈਜ਼ਰ ਐਸੋਸੀਏਸ਼ਨ ਆਫ਼ ਇੰਡੀਆ ਦੇ ਸਹਿਯੋਗ ਨਾਲ ਕਾਲਜ ਦੇ ਖੇਤੀਬਾੜੀ ਵਿਭਾਗ ਦੇ ਵਿਦਿਆਰਥੀਆਂ ਅਤੇ ਸੌ ਦੇ ਕਰੀਬ ਖਾਦ ਵਿਕਰੇਤਾ ਲਈ ਰਾਸ਼ਟਰੀ ਪੱਧਰ ਦੇ **ਦੋ ਰੋਜ਼ਾ ਫਰਟੀਲਾਈਜ਼ਰ ਓਰੀਐਨਟੇਸ਼ਨ ਕੋਰਸ ਦਾ ਆਯੋਜਨ** ਕੀਤਾ ਗਿਆ। ਇਸ ਕੋਰਸ ਦਾ **ਕੁੰਜੀਵਤ ਭਾਸ਼ਣ ਡਾ. ਡੀ.ਐਸ. ਯਾਦਵ** ਨਿਰਦੇਸ਼ਕ ਮਾਰਕੀਟਿੰਗ ਐਫ.ਏ.ਆਈ. ਨਵੀਂ ਦਿੱਲੀ ਨੇ ਦਿੱਤਾ। ਇਸ ਪ੍ਰੋਗ੍ਰਾਮ ਦੇ ਦੂਸਰੇ ਦਿਨ **ਸਰਦਾਰ ਜਸਬੀਰ ਸਿੰਘ ਬੈਂਸ** ਡਾਇਰੈਕਟਰ ਖੇਤੀਬਾੜੀ ਪੰਜਾਬ ਨੇ ਬਤੌਰ **ਮੁੱਖ ਮਹਿਮਾਨ** ਸ਼ਿਰਕਤ ਕੀਤੀ।

### 4.4. ਰਾਸ਼ਟਰੀ ਪੁਸਤਕ ਪ੍ਰਦਰਸ਼ਨੀ:

ਮਿਤੀ 5 ਅਤੇ 6 ਸਤੰਬਰ 2018 ਨੂੰ ਕਾਲਜ ਵੱਲੋਂ **ਦੋ ਰੋਜ਼ਾ ਪੁਸਤਕ ਪ੍ਰਦਰਸ਼ਨੀ** ਲਗਾਈ ਗਈ ਜਿਸ ਵਿੱਚ **ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਦੇ 12 ਦੇ ਕਰੀਬ ਪਬਲਿਸ਼ਰਾਂ ਨੇ ਭਾਗ** ਲਿਆ। ਇਸ ਪ੍ਰਦਰਸ਼ਨੀ ਦਾ ਉਦਘਾਟਨ ਮੈਡਮ **ਵੀਰਾ ਰਿਡੈਂਕੋ**, ਮੁਖੀ ਅੰਤਰਰਾਸ਼ਟਰੀ ਡਿਵੀਜ਼ਨ ਸਾਈਨਰਜੀ ਯੂਨੀਵਰਸਿਟੀ ਮਾਸਕੋ ਨੇ ਕੀਤਾ।

## 5 ਅੰਤਰਰਾਸ਼ਟਰੀ ਕਾਨਫਰੰਸਾਂ ਵਿੱਚ ਪ੍ਰਸਤੁਤ ਖੋਜ ਪੇਪਰ/ਸ਼ਮੂਲੀਅਤ:

### 5.1 ਬਾਹਰਲੇ ਦੇਸ਼ਾਂ ਦੀਆਂ ਯੂਨੀਵਰਸਿਟੀਆਂ ਵਿਖੇ ਅੰਤਰਰਾਸ਼ਟਰੀ ਕਾਨਫਰੰਸਾਂ ਵਿੱਚ ਪ੍ਰਸਤੁਤ ਖੋਜ ਪੇਪਰ:

ਇਸ ਸੈਸ਼ਨ ਦੌਰਾਨ **ਪ੍ਰੋ. ਇੰਦਰਬੀਰ ਕੌਰ** ਨੇ ਮਿਤੀ 18-19 ਦਸੰਬਰ 2018 ਨੂੰ **524$^{th}$ IRES International Conference on Science Technology and Management (ICSTM), London(UK)** ਵਿਚ **Deployment of Cloud Computing in Higher Education Sector: A Critical Review of Indian Perspective Research-in-Progress** ਵਿਸ਼ੇ 'ਤੇ ਖੋਜ ਪੱਤਰ ਪੜ੍ਹਿਆ।

### 5.2 ਅੰਤਰਰਾਸ਼ਟਰੀ ਕਾਨਫਰੰਸਾਂ ਵਿੱਚ ਅਧਿਆਪਕਾਂ ਵੱਲੋਂ ਪ੍ਰਸਤੁਤ ਖੋਜ ਪੇਪਰ:

**ਡਾ. ਹਰਵਿੰਦਰ ਕੌਰ** ਨੇ ਮਿਤੀ 21 ਅਤੇ 22 ਫਰਵਰੀ 2019 ਨੂੰ ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਲੁਧਿਆਣਾ ਵੱਲੋਂ ਆਯੋਜਿਤ ਦੋ ਰੋਜ਼ਾ ਅੰਤਰਰਾਸ਼ਟਰੀ ਕਾਨਫ਼ਰੰਸ ਵਿੱਚ **ਪ੍ਰਵਾਸੀ**

**ਕਥਾਕਾਰਾ ਸੁਸ਼ਮ ਬੇਦੀ ਤਥਾ ਵੀਨਾ ਵਰਮਾ ਕੀ ਕਹਾਣੀਆਂ: ਵਿਭਿੰਨ ਸਮੱਸਿਆਓਂ ਕੇ ਪਰਿਪੇਕਸ਼ ਮੇਂ ਵਿਸ਼ੇ ਤੇ ਖੋਜ** ਪੱਤਰ ਪੜ੍ਹਿਆ।

ਅੰਤਰਰਾਸ਼ਟਰੀ ਕਾਨਫ਼ਰੰਸ **ਸਸਟੇਂਨੇਬਲ ਐਗਰੀਕਲਚਰ ਫੂਡ ਸਕਿਓਰਿਟੀ ਐਂਡ ਇਨਵਾਇਰਮੈਂਟ,** ਜੋ ਕਿ ਨਵੰਬਰ 2-3 2018 ਨੂੰ ਖ਼ਾਲਸਾ ਕਾਲਜ ਪਟਿਆਲਾ ਦੇ ਪੋਸਟ ਗ੍ਰੈਜੂਏਟ ਖੇਤੀਬਾੜੀ ਵਿਭਾਗ ਅਤੇ ਪੋਸਟ ਗ੍ਰੈਜੂਏਟ ਜੌਗਰਫ਼ੀ ਵਿਭਾਗ ਵੱਲੋਂ ਸਾਂਝੇ ਤੌਰ ’ਤੇ ਕਰਵਾਈ ਗਈ, ਵਿੱਚ **ਡਾ. ਹਰਜੀਤ ਕੌਰ** ਨੇ **ਗੁਰਬਾਣੀ ਵਾਤਾਵਰਣ ਅਤੇ ਅਜੋਕਾ ਮਨੁੱਖ** ਵਿਸ਼ੇ ਤੇ, **ਡਾ. ਰੂਬਲ ਬਰਾੜ** ਨੇ **An Eco-critical Re Reading of Coleridge's 'The Rime of the Ancient Mariner' and Shelley's 'The Ode to the West Wind'** ਵਿਸ਼ੇ ’ਤੇ, **ਡਾ. ਅੰਜੂ ਖੁੱਲਰ** ਅਤੇ **ਡਾ. ਹਿਨਾ** ਨੇ ਸਾਂਝੇ ਤੌਰ ’ਤੇ **Medicinal Importance of *Abrus precatorious* Linn.** ਵਿਸ਼ੇ ’ਤੇ, **ਡਾ. ਜਗਤਾਰ ਸਿੰਘ** ਨੇ **The Policies and Politics on Sustainable Agriculture: Specific Survey** ਵਿਸ਼ੇ ’ਤੇ, **ਪ੍ਰੋ. ਜਤਿੰਦਰ ਕੌਰ** ਨੇ **Cloud Computing: An Operational Research Tool for Agriculture** ਵਿਸ਼ੇ ’ਤੇ, **ਪ੍ਰੋ. ਇੰਦਰਬੀਰ ਕੌਰ** ਅਤੇ **ਪ੍ਰੋ. ਗੁਰਪਾਲ ਸਿੰਘ** ਨੇ ਸਾਂਝੇ ਤੌਰ ’ਤੇ **Cloud Computing: A Revolutionary Concept to Elevate the Agriculture Sector** ਵਿਸ਼ੇ ’ਤੇ, **ਡਾ. ਜੈਸਮੀਨ ਟਿਵਾਣਾ** ਨੇ **An Exploratory Study of Farmers Suicide in Punjab** ਵਿਸ਼ੇ ’ਤੇ, **ਪ੍ਰੋ. ਨਵਦੀਪ ਕੌਰ** ਨੇ **Eco-critical Dimensions in the Novels of Margaret Atwood** ਵਿਸ਼ੇ ’ਤੇ, **ਡਾ. ਰੂਪੀ ਧੀਰ** ਨੇ **Nanomaterials based sensors for the detection of pathogens and Toxins in Foods: A Review** ਵਿਸ਼ੇ ’ਤੇ, **ਪ੍ਰੋ. ਤ੍ਰਿਪਤ ਕੌਰ** ਨੇ **Agrarian Crisis, Indebtedness and Farmers Suicide In Punjab: Crisis Challenges and Wayouts** ਵਿਸ਼ੇ ’ਤੇ, **ਡਾ. ਬਲਜਿੰਦਰ ਕੌਰ** ਨੇ **Commercialization of Agriculture during British Period (1850-1947)** ਵਿਸ਼ੇ ’ਤੇ, **ਡਾ. ਗੋਰਖ ਸਿੰਘ** ਨੇ **Analysis of Land Used Pattern in Punjab: 1997-98 to 2017-18** ਅਤੇ **Futuristic Eco-friendly Crop Planning Regions in Punjab: Analysis Based on 1997-98 to 2017-18** ਵਿਸ਼ਿਆਂ ’ਤੇ, **ਡਾ. ਮਨਵੀਰ ਕੌਰ** ਨੇ **Impact of Global Warming on Wall Paintings in Punjab: A Specific Survey** ਵਿਸ਼ੇ ’ਤੇ, **ਪ੍ਰੋ. ਸਤਵੀਰ ਕੌਰ** ਨੇ **Cloud Computing: An Operational Research Tool for Agriculture** ਵਿਸ਼ੇ ’ਤੇ ਅਤੇ **ਪ੍ਰੋ. ਅਮਨਦੀਪ ਸਿੰਘ** ਨੇ **Development and Mechanization of Irrigation In Punjab: 1991-2011** ਅਤੇ **Status of Net Irrigation Area in Punjab: 1991-2011** ਵਿਸ਼ਿਆਂ ’ਤੇ ਖੋਜ ਪੱਤਰ ਪੜ੍ਹੇ।

ਮਿਤੀ 30–31 ਜਨਵਰੀ 2019 ਨੂੰ ਕਾਂਚੀਪੁਰਮ, ਤਾਮਿਲਨਾਡੂ ਵਿਖੇ ਹੋਈ **International Conference on Electrical, Communication, Electronics, Instrumentation and**

**Computing (ICECEIC)** ਵਿੱਚ **ਪ੍ਰੋ. ਵਿਕਰਮ ਗੁਪਤਾ** ਅਤੇ **ਡਾ. ਸਰਵਜੀਤ ਸਿੰਘ ਭਾਟੀਆ** ਨੇ ਸਾਂਝੇ ਤੌਰ ’ਤੇ **Empirical Study in Validation of Cloud Based ERP Framework** ਵਿਸ਼ੇ ’ਤੇ ਆਪਣਾ ਖੋਜ ਪੇਪਰ ਪੜ੍ਹਿਆ।

**ਪ੍ਰੋ. ਨਮਰਤਾ** ਨੇ ਮਿਤੀ 28 ਅਕਤੂਬਰ 2018 ਨੂੰ ਚੰਡੀਗੜ੍ਹ ਵਿਖੇ ਹੋਈ ਤੀਜੀ **ਅੰਤਰਰਾਸ਼ਟਰੀ ਕਾਨਫਰੰਸ ਆਫ ਸਾਇੰਸ ਤਕਨਾਲੋਜੀ ਅਤੇ ਮੈਨੇਜਮੈਂਟ** ਵਿੱਚ **A New Alpha Cut Approach To Solve Fuzzy Game Problem** ਅਤੇ ਮਿਤੀ 29-30 ਦਸੰਬਰ 2018 ਨੂੰ ਸ਼ਿਵਾਲਿਕ ਕਾਲਜ ਆਫ ਇੰਜਨੀਅਰਿੰਗ, ਦੇਹਰਾਦੂਨ ਵਿੱਚ ਹੋਈ **ਅੰਤਰਰਾਸ਼ਟਰੀ ਕਾਨਫਰੰਸ ਆਫ ਰਿਸਰਚ ਐਂਡ ਡਿਵੈੱਲਮੈਂਟ ਆਫ ਇੰਡੀਆ ਐਜ ਮਲਟੀ ਡਿਸਪਲਨਰੀ ਅਪਰੋਚ** ਵਿੱਚ **A New Approach to solve Fuzzy Game Problem and its Applications** ਵਿਸ਼ਿਆਂ ’ਤੇ ਖੋਜ ਪੱਤਰ ਪ੍ਰਸਤੁਤ ਕੀਤੇ।

**ਡਾ. ਸਰਬਜੀਤ ਸਿੰਘ ਆਹਲੂਵਾਲੀਆ** ਅਤੇ **ਡਾ. ਅਨਾਮਿਕਾ ਪੋਖਰੀਆ** ਨੇ ਸਾਂਝੇ ਤੌਰ ’ਤੇ ਮਿਤੀ 18–21 ਫਰਵਰੀ 2019 ਨੂੰ ਗੁਰੂ ਜੰਬੇਸ਼ਵਰ ਯੂਨੀਵਰਸਿਟੀ ਫਾਰ ਸਾਇੰਸ ਐਂਡ ਤਕਨਾਲੋਜੀ ਹਿਸਾਰ ਵੱਲੋਂ ਆਯੋਜਿਤ **International Conference on Climate Change and Health and Agriculture Sustainability** ਵਿੱਚ **Microbial Consorial For The Decolorization And Degradation of Acrylic Blue GRL Dye** ਵਿਸ਼ੇ ’ਤੇ ਖੋਜ ਪੱਤਰ ਪ੍ਰਸਤੁਤ ਕੀਤਾ।

**ਡਾ. ਰੂਬਲ ਬਰਾੜ** ਨੇ ਗੌਰਮਿੰਟ ਮਹਿੰਦਰਾ ਕਾਲਜ ਪਟਿਆਲਾ ਵੱਲੋਂ ਆਯੋਜਿਤ **Joint International Conference on War Literature: Revisioning Across Genre** ਵਿੱਚ **Partition Violence unhinges future: A study of Khushwant Singh's *Train to Pakistan* and Mahesh Dattani *Final Solutions*** ਵਿਸ਼ੇ ’ਤੇ ਖੋਜ ਪੱਤਰ ਪ੍ਰਸਤੁਤ ਕੀਤਾ।

**ਡਾ. ਅੰਜੂ ਖੁੱਲਰ** ਨੇ ਮਿਤੀ 28 ਅਕਤੂਬਰ 2018 ਨੂੰ **ਤੀਸਰੀ ਸਾਇੰਸ ਤਕਨਾਲੋਜੀ ਅਤੇ ਮੈਨੇਜਮੈਂਟ ਦੀ ਅੰਤਰਰਾਸ਼ਟਰੀ ਕਾਨਫਰੰਸ** ਵਿੱਚ **Synthesis Characterization And Screening Of Substituted 4-Biphenyl Acetamides Against *Fujerium udum*** ਵਿਸ਼ੇ ’ਤੇ ਖੋਜ ਪੱਤਰ ਪ੍ਰਸਤੁਤ ਕੀਤਾ।

**ਪ੍ਰੋ. ਸਪਨਾ** ਨੇ ਮਿਤੀ 26 ਫਰਵਰੀ 2019 ਨੂੰ **Synergy University Moscow, Russia ਵਿਖੇ New Era of Global Entrepreneurs: An Indian Perspective** ਵਿਸ਼ੇ ’ਤੇ ਪ੍ਰਸਤੁਤੀ ਕੀਤੀ।

ਮਿਤੀ 07–8 ਮਾਰਚ 2019 ਨੂੰ ਖ਼ਾਲਸਾ ਕਾਲਜ ਪਟਿਆਲਾ ਵੱਲੋਂ ਆਯੋਜਿਤ **ਗਲੋਬਲ ਪੰਜਾਬੀ ਕਾਨਫਰੰਸ** ਵਿੱਚ **ਡਾ. ਜੀਵੰਤ ਕੌਰ** ਨੇ **ਜਨਮਸਾਖੀ ਅਧਿਐਨ–ਬਾਲਾ ਜਨਮਸਾਖੀ ਦੇ ਪ੍ਰਸੰਗ ਵਿੱਚ** ਵਿਸ਼ੇ ’ਤੇ, **ਡਾ. ਗੁਰਸਿਮਰਜੀਤ ਕੌਰ** ਨੇ **ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਵਿੱਚ ਮਨੁੱਖਤਾ ਨੂੰ ਸੰਦੇਸ਼, ਡਾ. ਗੋਰਖ ਸਿੰਘ ਅਤੇ ਪ੍ਰੋ. ਅਮਨਦੀਪ ਸਿੰਘ** ਨੇ ਸਾਂਝੇ ਤੌਰ ’ਤੇ **ਗੁਰੂ ਨਾਨਕ ਬਾਣੀ ਅਤੇ ਵਾਤਾਵਰਣਿਕ ਮੁੱਦੇ** ਵਿਸ਼ੇ ’ਤੇ, **ਡਾ. ਵੰਦਨਾ ਕਪੂਰ** ਨੇ **ਪ੍ਰਵਾਸੀ ਪੰਜਾਬੀ ਨਾਟਕ ਅਤੇ ਰੰਗ ਮੰਚ ਦੇ ਪ੍ਰਮੁੱਖ ਰੁਝਾਨ** ਵਿਸ਼ੇ ’ਤੇ ਅਤੇ **ਡਾ. ਬਲਜਿੰਦਰ ਕੌਰ** ਨੇ **ਗੁਰੂ ਨਾਨਕ ਦੇਵ ਜੀ ਸਮਾਜ ਸੁਧਾਰਕ ਦੇ ਰੂਪ ਵਿੱਚ ਇੱਕ ਪ੍ਰਭਾਵਸ਼ਾਲੀ ਸ਼ਖ਼ਸੀਅਤ** ਵਿਸ਼ੇ ’ਤੇ **ਪ੍ਰੋ. ਮਨਪ੍ਰੀਤ ਕੌਰ** ਨੇ **ਖੇਡਾਂ ਦੇ ਖੇਤਰ ਵਿੱਚ ਇਸਤਰੀਆਂ ਦੀ ਭੂਮਿਕਾ** ਵਿਸ਼ੇ ’ਤੇ ਅਤੇ **ਪ੍ਰੋ. ਗੁਰਜੀਤ ਕੌਰ** ਨੇ **ਗੁਰੂ ਨਾਨਕ ਬਾਣੀ ਵਿੱਚ ਮਨੁੱਖਤਾ ਦੀ ਵਿਚਾਰਧਾਰਾ** ਵਿਸ਼ੇ ’ਤੇ ਖੋਜ ਪੱਤਰ ਪ੍ਰਸਤੁਤ ਕੀਤੇ।

ਡਾ. ਜਸਲੀਨ ਕੌਰ ਨੰਦਾ ਨੇ 30–31 ਜਨਵਰੀ ਅਤੇ 1 ਫਰਵਰੀ 2019 ਨੂੰ ਹੈਦਰਾਬਾਦ ਵਿਖੇ ਓਸਮਾਨੀਆ ਯੂਨੀਵਰਸਿਟੀ ਵੱਲੋਂ Multi Culturalism and Globalization ਵਿਸ਼ੇ ’ਤੇ ਕਰਵਾਈ ਗਈ ਕਾਨਫਰੰਸ ਵਿੱਚ **Conflictual Cultural Spaces: Impact of Globalization and Displacement vis-à-vis Margaret Atwood's *The Year of the Flood*** ਵਿਸ਼ੇ ’ਤੇ ਪੇਪਰ ਪ੍ਰਸਤੁਤ ਕੀਤਾ। ਇਨ੍ਹਾਂ ਨੇ ਮਿਤੀ 1–2 ਮਾਰਚ 2019 ਨੂੰ ਓ.ਪੀ.ਜਿੰਦਲ ਯੂਨੀਵਰਸਿਟੀ ਸੋਨੀਪਤ ਹਰਿਆਣਾ ਵੱਲੋਂ ਆਯੋਜਿਤ 5th JGU International Literary Conference ਵਿੱਚ **A Comparative Study of the Themes of Desire and Longing in the Poems of Kamala Das and Khushwant Singh's Translation of *Barahmah*** ਵਿਸ਼ੇ ’ਤੇ ਪੇਪਰ ਪ੍ਰਸਤੁਤ ਕੀਤਾ।

ਮਿਤੀ 9–10 ਜਨਵਰੀ 2019 ਨੂੰ **ਅੱਠਵੀਂ ਵਿਸ਼ਵ ਪੰਜਾਬੀ ਸਾਹਿਤ ਕਾਨਫ਼ਰੰਸ** ਵਿੱਚ **ਡਾ. ਵੰਦਨਾ ਕਪੂਰ** ਨੇ **ਪ੍ਰਵਾਸੀ ਪੰਜਾਬੀ ਰੰਗਮੰਚ ਦਾ ਭਵਿੱਖ** ਵਿਸ਼ੇ ’ਤੇ ਅਤੇ **ਪ੍ਰੋ. ਮਨਪ੍ਰੀਤ ਕੌਰ** ਨੇ **ਪ੍ਰਵਾਸੀ ਅਤੇ ਬਦਲਦੇ ਪ੍ਰਸੰਗ ਵਿੱਚ ਮਾਂ ਖੇਡ ਕਬੱਡੀ ਦੀ ਦਸ਼ਾ ਤੇ ਦਿਸ਼ਾ** ਵਿਸ਼ੇ ’ਤੇ ਆਪਣਾ ਖੋਜ ਪੱਤਰ ਪੜ੍ਹਿਆ।

ਮਿਤੀ 28 ਅਕਤੂਬਰ 2018 ਨੂੰ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵੱਲੋਂ ਆਯੋਜਿਤ **ਅੰਤਰਰਾਸ਼ਟਰੀ ਕਾਨਫਰੰਸ ਸਾਇੰਸ ਟੈਕਨਾਲੋਜੀ ਅਤੇ ਮੈਨੇਜਮੈਂਟ** ਵਿੱਚ **ਡਾ. ਹਿਨਾ ਅਤੇ ਡਾ. ਅੰਜੂ ਖੁੱਲਰ** ਨੇ ਸਾਂਝੇ ਤੌਰ ’ਤੇ **Synthesis, Characterization and Screening of Acetamide** ਵਿਸ਼ੇ ’ਤੇ ਖੋਜ ਪੱਤਰ ਪ੍ਰਸਤੁਤ ਕੀਤਾ।

**ਪ੍ਰੋ. ਗੁਰਜੀਤ ਕੌਰ** ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੁਆਰਾ ਮਿਤੀ 1–3 ਫਰਵਰੀ 2019 ਤੱਕ ਆਯੋਜਿਤ **South Asian History Conference** ਵਿੱਚ **An Analysis of Women Development in South Asian countries** ਵਿਸ਼ੇ ’ਤੇ, **ਡਾ. ਅਮਰਪ੍ਰੀਤ ਕੌਰ** ਨੇ **Women**

**Reformers of Punjab Brahmo Samaj: A Case Study of Hemanta Kumari** ਵਿਸ਼ੇ 'ਤੇ ਖੋਜ ਪੱਤਰ ਪ੍ਰਸਤੁਤ ਕੀਤਾ।

**ਪ੍ਰੋ. ਗੁਰਜੀਤ ਕੌਰ** ਨੇ ਮਿਤੀ 15-16 ਨਵੰਬਰ ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੁਆਰਾ ਆਯੋਜਿਤ **Planning for Industrialization in Twenty First Century** ਵਿਸ਼ੇ 'ਤੇ ਕਰਵਾਈ **International Conference ਵਿੱਚ Business of Health care under 4th Industrial Revolution: Boon or Bane for Human Society** ਵਿਸ਼ੇ 'ਤੇ ਖੋਜ ਪੱਤਰ ਪ੍ਰਸਤੁਤ ਕੀਤਾ।

## 5.3 ਬਾਹਰਲੇ ਦੇਸ਼ਾਂ ਦੀਆਂ ਯੂਨੀਵਰਸਿਟੀਆਂ ਵਿਖੇ ਅੰਤਰਰਾਸ਼ਟਰੀ ਕਾਨਫਰੰਸਾਂ ਵਿੱਚ ਅਧਿਆਪਕਾਂ ਦੇ ਪੜ੍ਹਨ ਲਈ ਪ੍ਰਵਾਨ ਹੋਏ ਖੋਜ ਪੇਪਰ:

**ਪ੍ਰੋ. ਰਾਜਦੀਪ ਸਿੰਘ ਧਾਲੀਵਾਲ** ਦਾ **Cytological Study in members of Chlorideae (Poaceae) from Haryana and Adjoining Shiwalik Hills** ਵਿਸ਼ੇ 'ਤੇ ਲਿਖਿਆ ਖੋਜ ਪੇਪਰ **Institute of Integrated Regenerative Medicine** ਵੱਲੋਂ ਮਿਤੀ 3–4 ਮਈ 2019 ਨੂੰ **Kuala Lumpur, Malaysia ਵਿਖੇ ਹੋਣ ਵਾਲੀ International Conference on Emerging Trends in Science and Social Science** ਵਿੱਚ ਪ੍ਰਸਤੁਤ ਕਰਨ ਲਈ ਪ੍ਰਵਾਨ ਹੋਇਆ ਹੈ।

**ਪ੍ਰੋ. ਗੁਰਜੀਤ ਕੌਰ** ਦਾ **Changing Pattern of Diseases and Public Health Care in Punjab** ਵਿਸ਼ੇ 'ਤੇ ਲਿਖਿਆ ਖੋਜ ਪੇਪਰ **Oxford University, London (UK)** ਵਿਖੇ 2019 ਵਿੱਚ ਹੋਣ ਵਾਲੀ **Bi- Annual Punjab Research Group International Conference** ਵਿੱਚ ਪੜ੍ਹਨ ਲਈ ਪ੍ਰਵਾਨ ਹੋਇਆ।

## 5.4 ਅੰਤਰਰਾਸ਼ਟਰੀ ਕਾਨਫਰੰਸਾਂ ਵਿੱਚ ਅਧਿਆਪਕਾਂ ਦੀ ਸ਼ਮੂਲੀਅਤ:

**ਡਾ. ਵਰਿੰਦਰਜੀਤ ਕੌਰ** ਨੇ ਮਿਤੀ 23 ਤੋਂ 24 ਫਰਵਰੀ 2018 ਤੱਕ ਭਾਈ **Bhai Gurdas College of Engineering and Technology, Sangrur** ਵੱਲੋਂ ਕਰਵਾਈ ਗਈ **6th International Conference on Advancements in Engineering and Technology** ਵਿੱਚ ਸ਼ਮੂਲੀਅਤ ਕੀਤੀ।

## 6 ਰਾਸ਼ਟਰੀ ਕਾਨਫਰੰਸਾਂ ਵਿੱਚ ਅਧਿਆਪਕਾਂ ਵੱਲੋਂ ਪ੍ਰਸਤੁਤ ਖੋਜ ਪੇਪਰ ਅਤੇ ਪੋਸਟਰ ਪ੍ਰਸਤੁਤੀ:

## 6.1 ਰਾਸ਼ਟਰੀ ਕਾਨਫਰੰਸਾਂ ਵਿੱਚ ਅਧਿਆਪਕਾਂ ਵੱਲੋਂ ਪ੍ਰਸਤੁਤ ਖੋਜ ਪੇਪਰ:

**ਡਾ. ਹਰਵਿੰਦਰ ਕੌਰ** ਨੇ ਮਿਤੀ 2 ਫਰਵਰੀ, 2019 ਨੂੰ ਗੋਸਵਾਮੀ ਗਣੇਸ਼ ਦੱਤ ਸਨਾਤਨ ਧਰਮ ਕਾਲਜ ਚੰਡੀਗੜ੍ਹ ਵਿਖੇ ਕਰਵਾਈ ਗਈ ਇਕ ਰੋਜ਼ਾ ਰਾਸ਼ਟਰੀ ਕਾਨਫਰੰਸ ਵਿੱਚ **ਪਰਵਾਸੀ ਕਥਾਕਾਰਾ ਸੁਸ਼ਮ ਬੇਦੀ ਕੀ ਕਹਾਣੀਓਂ ਮੇਂ ਵਿਭਿੰਨ ਸਮੱਸਿਆਓਂ ਕਾ ਚਿੱਤ੍ਰਣ** ਵਿਸ਼ੇ 'ਤੇ ਖੋਜ ਪੇਪਰ ਪ੍ਰਸਤੁਤ ਕੀਤਾ।

**ਡਾ. ਗੁਰਸ਼ਰਨ ਸਿੰਘ ਗਿੱਲ** ਨੇ ਮਿਤੀ 16 ਤੋਂ 17 ਮਾਰਚ 2018 ਨੂੰ ਅਕਾਲ ਕਾਲਜ ਆਫ਼ ਫਿਜ਼ੀਕਲ ਐਜੂਕੇਸ਼ਨ, ਮੁਸਤੁਆਨਾ ਸਾਹਿਬ, ਸੰਗਰੂਰ ਵਿਖੇ ਕਰਵਾਈ ਗਈ **National Conference on Emerging Trends in Sports Training and Performance Enhancement (ETSTPE-2018)** ਵਿੱਚ **Comparative Study of Selected Physical Fitness Components of Female Boxers, Fencers and Taekwondos** ਵਿੱਚ **Impact of Technology on Future Professional Sports** ਵਿਸ਼ੇ 'ਤੇ ਖੋਜ ਪੱਤਰ ਪ੍ਰਸਤੁਤ ਕੀਤਾ।

ਇਸ ਸੈਸ਼ਨ ਦੌਰਾਨ **ਪ੍ਰੋ. ਜਤਿੰਦਰ ਕੌਰ** ਨੇ ਮਿਤੀ 19–20 ਨਵੰਬਰ 2018 ਨੂੰ ਸੀ–ਡੈਕ, ਮੋਹਾਲੀ ਵੱਲੋਂ ਆਯੋਜਿਤ, **Agri-Smart-2018 using IoT for Driving Smart Agriculture** ਵਿਸ਼ੇ 'ਤੇ ਕਰਵਾਈ ਗਈ, **DSIR Sponsored National Conference** ਵਿੱਚ **Internet of Things: A Platform for Smart Agriculture** ਵਿਸ਼ੇ 'ਤੇ ਖੋਜ ਪੱਤਰ ਪ੍ਰਸਤੁਤ ਕੀਤਾ।

**ਡਾ. ਗੋਰਖ ਸਿੰਘ** ਅਤੇ **ਪ੍ਰੋ. ਅਮਨਦੀਪ ਸਿੰਘ** ਨੇ ਸਾਂਝੇ ਤੌਰ 'ਤੇ ਮਿਤੀ 09 ਮਾਰਚ 2019 ਨੂੰ ਮਹਿੰਦਰਾ ਕਾਲਜ ਪਟਿਆਲਾ ਵੱਲੋਂ **ਨੈਸ਼ਨਲ ਸਕਿਊਰਿਟੀ ਅਤੇ ਸਟਰੈਟੇਜੀ** ਵਿਸ਼ੇ 'ਤੇ ਆਯੋਜਿਤ ਰਾਸ਼ਟਰੀ ਕਾਨਫਰੰਸ ਵਿੱਚ **Role of Geography in Military Strategy** ਵਿਸ਼ੇ 'ਤੇ ਪੇਪਰ ਪੜ੍ਹਿਆ।

**ਡਾ. ਵੰਦਨਾ ਕਪੂਰ** ਨੇ 31 ਮਾਰਚ 2018 ਨੂੰ ਸਵਾਮੀ ਗੰਗਾ ਗਿਰੀ ਗਰਲਜ਼ ਕਾਲਜ ਰਾਏਕੋਟ ਵੱਲੋਂ ਆਯੋਜਿਤ ਕੀਤੀ ਗਈ ਇੱਕ ਰੋਜ਼ਾ **ਰਾਸ਼ਟਰੀ ਕਾਨਫਰੰਸ** ਵਿੱਚ **ਪੰਜਾਬੀ ਨੁੱਕੜ ਨਾਟਕ ਅਤੇ ਲੋਕ ਰੰਗ ਮੰਚ:ਅੰਤਰ ਸਬੰਧ** ਵਿਸ਼ੇ 'ਤੇ ਪੇਪਰ ਪੜ੍ਹਿਆ।

ਮਿਤੀ 7–8 ਫਰਵਰੀ 2019 ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਆਯੋਜਿਤ ਰਾਸ਼ਟਰੀ ਕਾਨਫਰੰਸ **Recent Trends in Chemical and Environmental Sciences 2019** ਵਿੱਚ **ਡਾ. ਹਿਨਾ** ਨੇ **Development of FPSE-HPLC-UV Method for Analysis of Xenobiotics in Environmental and Food Samples** ਵਿਸ਼ੇ 'ਤੇ ਲਿਖਿਆ ਪੇਪਰ ਪ੍ਰਸਤੁਤ ਕੀਤਾ।

## 6.2 ਰਾਸ਼ਟਰੀ ਕਾਨਫਰੰਸਾਂ ਵਿੱਚ ਅਧਿਆਪਕਾਂ ਵਲੋਂ ਪੋਸਟਰ ਪ੍ਰਸਤੁਤੀ:

ਮਿਤੀ 24–26 ਅਕਤੂਬਰ 2018 ਨੂੰ ਮਹਾਰਾਣਾ ਪ੍ਰਤਾਪ ਯੂਨੀਵਰਸਿਟੀ ਆਫ ਐਗਰੀਕਲਚਰ ਐਂਡ ਟੈਕਨੋਲੋਜੀ ਉਦੈਪੁਰ (ਰਾਜਸਥਾਨ) ਦੇ ਕਾਲਜ ਆਫ ਐਗਰੀਕਲਚਰ ਵਲੋਂ ਆਯੋਜਿਤ 21 ਵੀਂ

**ਬਾਇਨਿਅਲ ਨੈਸ਼ਨਲ ਸਿੰਪੋਜਿਯਮ Doubling farmer income through agronomic interventions under changing scenario** ਵਿੱਚ **ਡਾ. ਸੁਨੀਲ ਕੁਮਾਰ** ਨੇ **Production potential and economics of vegetative barrier and improved forage species under degraded grassland conditions** ਵਿਸ਼ੇ 'ਤੇ ਪੋਸਟਰ ਪ੍ਰਸਤੁਤ ਕੀਤਾ।

ਮਿਤੀ 4–6 ਅਕਤੂਬਰ 2018 ਨੂੰ ਫੋਰੈਸਟ ਰਿਸਰਚ ਇੰਸਟੀਚਿਊਟ ਦੇਹਰਾਦੂਨ ਵੱਲੋਂ ਆਯੋਜਿਤ **International Biodiversity Congress (IBC 2018) and Expo** ਵਿੱਚ **ਡਾ. ਮਨਦੀਪ ਕੌਰ** ਨੇ **Changing pattern in Floristic diversity of Ambala district, Haryana** ਵਿਸ਼ੇ 'ਤੇ ਪੋਸਟਰ ਪ੍ਰਸਤੁਤ ਕੀਤਾ।

**7. ਅੰਤਰਰਾਸ਼ਟਰੀ ਸੈਮੀਨਾਰਾਂ ਵਿੱਚ ਅਧਿਆਪਕਾਂ ਵੱਲੋਂ ਪ੍ਰਸਤੁਤ ਖੋਜ ਪੇਪਰ:**

**ਡਾ. ਕੁਲਦੀਪ ਕੁਮਾਰ** ਨੇ ਮਿਤੀ 6-7 ਦਸੰਬਰ 2018 ਨੂੰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਗੁਰੂ ਨਾਨਕ ਸਿੱਖ–ਸਟੱਡੀਜ਼ ਵਿਭਾਗ ਦੁਆਰਾ ਚੰਡੀਗੜ੍ਹ ਸਾਹਿਤ ਅਕਾਦਮੀ ਦੇ ਸਹਿਯੋਗ ਨਾਲ ਕਰਵਾਏ ਗਏ ਦੋ ਦਿਨਾਂ ਅੰਤਰਰਾਸ਼ਟਰੀ ਸੈਮੀਨਾਰ ਦੌਰਾਨ **ਗੁਰੂ ਨਾਨਕ ਬਾਣੀ ਦਾ ਸੰਗੀਤਕ ਅਧਿਐਨ** ਵਿਸ਼ੇ 'ਤੇ ਖੋਜ ਪੱਤਰ ਪੜ੍ਹਿਆ ।

**8. ਰਾਸ਼ਟਰੀ ਸੈਮੀਨਾਰਾਂ ਵਿੱਚ ਅਧਿਆਪਕਾਂ ਵੱਲੋਂ ਪ੍ਰਸਤੁਤ ਖੋਜ ਪੇਪਰ/ਸ਼ਮੂਲੀਅਤ:**

**8.1 ਰਾਸ਼ਟਰੀ ਸੈਮੀਨਾਰਾਂ ਵਿੱਚ ਅਧਿਆਪਕਾਂ ਵੱਲੋਂ ਪ੍ਰਸਤੁਤ ਖੋਜ ਪੇਪਰ:**

**ਡਾ. ਮਨਵਿੰਦਰ ਕੌਰ** ਅਤੇ ਐਮ.ਐਸਸੀ. ਖੇਤੀਬਾੜੀ (ਵੈਜ਼ੀਟੇਬਲ ਸਾਇੰਸ) ਦੀ ਵਿਦਿਆਰਥਣ ਜੀਵਨਜੋਤ ਕੌਰ ਨੇ ਮਿਤੀ 23 ਫਰਵਰੀ 2019 ਨੂੰ ਸ੍ਰੀ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ, ਸ੍ਰੀ ਅਨੰਦਪੁਰ ਸਾਹਿਬ ਵੱਲੋਂ ਆਯੋਜਿਤ National Seminar on Advances in Mathematical and Information Sciences ਵਿੱਚ ਸਾਂਝੇ ਤੌਰ 'ਤੇ Regression Analysis in Agriculture Science: Discussion ਵਿਸ਼ੇ 'ਤੇ ਖੋਜ ਪੱਤਰ ਪ੍ਰਸਤੁਤ ਕੀਤਾ।

**ਡਾ. ਵੰਦਨਾ ਕਪੂਰ** ਨੇ 30 ਨਵੰਬਰ 2018 ਨੂੰ ਦਸਮੇਸ਼ ਖਾਲਸਾ ਕਾਲਜ ਜ਼ੀਰਕਪੁਰ ਵੱਲੋਂ ਆਯੋਜਿਤ **ਪੰਜਾਬੀ ਭਾਸ਼ਾ ਸਾਹਿਤ ਅਤੇ ਸੱਭਿਆਚਾਰ: ਮੂਲ ਸਰੋਕਾਰ (ਬਦਲਦੇ ਪਰਿਪੇਖ ਸੰਭਾਵਨਾਵਾਂ ਅਤੇ ਚੁਣੌਤੀਆਂ)** ਵਿਸ਼ੇ 'ਤੇ ਕਰਵਾਏ ਗਏ ਰਾਸ਼ਟਰੀ ਸੈਮੀਨਾਰ ਵਿੱਚ **ਮੀਡੀਆ ਦਾ ਪੰਜਾਬੀ ਭਾਸ਼ਾ ਸਾਹਿਤ ਅਤੇ ਸੱਭਿਆਚਾਰ ਉੱਤੇ ਪ੍ਰਭਾਵ** ਵਿਸ਼ੇ 'ਤੇ ਅਤੇ **ਪ੍ਰੋ. ਮਨਪ੍ਰੀਤ ਕੌਰ** ਨੇ **ਸੱਭਿਆਚਾਰ ਰੁਪਾਂਤਰਣ ਲੋਕ ਖੇਡਾਂ ਦੇ ਵਿਸ਼ੇਸ਼ ਪ੍ਰਸੰਗ ਵਿੱਚ** ਵਿਸ਼ੇ 'ਤੇ ਖੋਜ ਪੱਤਰ ਪ੍ਰਸਤੁਤ ਕੀਤਾ।

**ਪ੍ਰੋ. ਮਨੀਸ਼ ਕੁਮਾਰ** ਨੇ ਮਿਤੀ 14 ਫਰਵਰੀ 2019 ਨੂੰ ਆਰੀਆ ਕਾਲਜ ਲੁਧਿਆਣਾ ਦੇ ਸੰਸਕ੍ਰਿਤ ਵਿਭਾਗ ਵੱਲੋਂ ਵਿਦਿਆਰਥੀ ਜੀਵਨ ਵਿੱਚ **ਸ਼੍ਰੀਮਦ ਭਗਵਦ ਗੀਤਾ ਦੀ ਉਪਯੋਗਿਤਾ** ਵਿਸ਼ੇ 'ਤੇ

ਆਯੋਜਿਤ ਰਾਸ਼ਟਰੀ ਸੈਮੀਨਾਰ ਵਿੱਚ **ਉੱਤਮ ਵਿਦਿਆਰਥੀ ਦੇ ਲਕਸ਼ਣ ਅਤੇ ਗੀਤਾ** ਵਿਸ਼ੇ ’ਤੇ ਖੋਜ ਪੱਤਰ ਪ੍ਰਸਤੁਤ ਕੀਤਾ।

## 8.2 ਰਾਸ਼ਟਰੀ ਸੈਮੀਨਾਰਾਂ ਵਿੱਚ ਅਧਿਆਪਕਾਂ ਵੱਲੋਂ ਸ਼ਮੂਲੀਅਤ:

**ਡਾ. ਪੁਸ਼ਪਿੰਦਰ ਕੌਰ** ਅਤੇ **ਡਾ. ਜਗਰੂਪ ਕੌਰ** ਨੇ ਮਿਤੀ 6 ਫਰਵਰੀ 2019 ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫਤਹਿਗੜ੍ਹ ਸਾਹਿਬ ਵੱਲੋਂ ਕਰਵਾਏ ਗਏ ਰਾਸ਼ਟਰੀ ਸੈਮੀਨਾਰ **ਪੰਜਾਬੀ ਸਾਹਿਤ: ਹਰੀ ਕ੍ਰਾਂਤੀ ਦੇ ਹਵਾਲੇ ਨਾਲ** ਵਿੱਚ ਬਤੌਰ ਡੈਲੀਗੇਟ ਸ਼ਿਰਕਤ ਕੀਤੀ।

**ਪ੍ਰੋ. ਸ਼ਬਨਮ** ਨੇ ਖ਼ਾਲਸਾ ਕਾਲਜ ਪਟਿਆਲਾ ਦੇ ਪੋਸਟ ਗ੍ਰੈਜੂਏਟ ਅੰਗਰੇਜ਼ੀ ਵਿਭਾਗ ਵੱਲੋਂ 19 ਜਨਵਰੀ 2019 ਨੂੰ ਕਰਵਾਏ ਗਏ **National Seminar on the Poetics of Vismad** ਵਿੱਚ ਬਤੌਰ ਡੈਲੀਗੇਟ ਭਾਗ ਲਿਆ।

## 9. ਵਿਦਿਆਰਥੀਆਂ ਦੀਆਂ ਵਿੱਦਿਅਕ ਖੋਜ ਨਾਲ ਸਬੰਧਤ ਪ੍ਰਾਪਤੀਆਂ:

ਪੋਸਟ ਗ੍ਰੈਜੂਏਟ ਖੇਤੀਬਾੜੀ ਵਿਭਾਗ ਦੇ ਐਮ.ਐਸਸੀ. ਐਗਰੀਕਲਚਰ (ਐਗਰੋਨੌਮੀ) ਭਾਗ ਦੂਜਾ ਦੇ ਵਿਦਿਆਰਥੀ **ਜਸਵੀਰ ਕੌਰ** ਨੇ **Effect of Spacing & Varieties on Production Potential of Potato (*Solanum tuberosum* L.) Under Irrigated Conditions of Punjab,** ਅਮਨਪ੍ਰੀਤ ਸਿੰਘ ਨੇ **Effect of Different Doss of Integrated Nutrient Management on Productivity and Quality of *Stevia* (*Stevia rebundiana* Bert.) under irrigated condition of Punjab** ਅਤੇ **ਜਗਵਿੰਦਰ ਸਿੰਘ** ਨੇ **Chemical & Mechanical Weed Control in Barley (*Hordeum vulgare* L) Crop under Irrigated Conditions of Punjab** ਵਿਸ਼ਿਆਂ ’ਤੇ **21st National Symposium on Doubling Farmers Income Through Agronomic Interventions under Changing Scienario** ਮਹਾਰਾਣਾ ਪ੍ਰਤਾਪ ਯੂਨੀਵਰਸਿਟੀ ਆਫ਼ ਐਗਰੀਕਲਚਰ ਐਂਡ ਟੈਕਨਾਲੋਜੀ ਉਦੈਪੁਰ (ਰਾਜਸਥਾਨ) ਵਿਖੇ 24 ਤੋਂ 26 ਅਕਤੂਬਰ 2018 ਵਿਚ ਪੋਸਟਰ ਪ੍ਰਸਤੁਤ ਕੀਤਾ।

## 10. ਫੈਕਲਟੀ ਮੈਂਬਰਾਂ ਵੱਲੋਂ ਲਗਾਏ ਗਏ ਓਰੀਐਂਟੇਸ਼ਨ ਪ੍ਰੋਗਰਾਮ/ਰਿਫਰੈਸ਼ਰ ਕੋਰਸ/ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ/ਸ਼ਾਰਟ ਟਰਮ ਕੋਰਸ/ਵਰਕਸ਼ਾਪ ਅਤੇ ਪ੍ਰਦਰਸ਼ਨੀਆਂ ਵਿੱਚ ਲਏ ਗਏ ਭਾਗ:

## 10.1 ਓਰੀਐਨਟੇਸ਼ਨ ਪ੍ਰੋਗਰਾਮ:

**ਪ੍ਰੋ. ਰਾਸ਼ੀ ਬਾਂਸਲ** ਅਤੇ **ਪ੍ਰੋ. ਭਰਤ ਗੋਇਲ** ਨੇ ਮਿਤੀ 1 ਮਈ ਤੋਂ 28 ਮਈ, 2018 ਤੱਕ ਅਤੇ **ਡਾ. ਮਨਵਿੰਦਰ ਕੌਰ** ਨੇ ਮਿਤੀ 11 ਦਸੰਬਰ 2018 ਤੋਂ 07 ਜਨਵਰੀ 2019 ਤੱਕ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ ਓਰੀਐਂਟੇਸ਼ਨ ਪ੍ਰੋਗਰਾਮ ਲਗਾਇਆ।

**ਪ੍ਰੋ. ਰਾਜਦੀਪ ਸਿੰਘ ਧਾਲੀਵਾਲ**, **ਡਾ. ਗੋਰੀ ਖੰਨਾ**, **ਪ੍ਰੋ. ਸਪਨਾ** ਅਤੇ **ਡਾ. ਬਲਜਿੰਦਰ ਕੌਰ** ਨੇ 21 ਮਈ ਤੋਂ 16 ਜੂਨ 2018 ਤੱਕ ਯੂ.ਜੀ.ਸੀ. **HRDC, Punjabi University, Patiala** ਵਿਖੇ 27 ਦਿਨਾਂ ਦਾ ਓਰੀਐਂਟੇਸ਼ਨ ਪ੍ਰੋਗਰਾਮ ਲਗਾਇਆ ਗਿਆ।

## 10.2 ਰਿਫਰੈਸ਼ਰ ਕੋਰਸ:

**ਪ੍ਰੋ. ਨਵਦੀਪ ਕੌਰ, ਡਾ. ਕੋਮਲਦੀਪ ਕੌਰ, ਪ੍ਰੋ. ਰਾਸ਼ੀ ਬਾਂਸਲ** ਅਤੇ **ਪ੍ਰੋ. ਭਰਤ ਗੋਇਲ** ਨੇ ਮਿਤੀ 01 ਦਸੰਬਰ ਤੋਂ 21 ਦਸੰਬਰ 2018 ਤੱਕ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ **Research Methodology** ਵਿਸ਼ੇ ’ਤੇ ਆਯੋਜਿਤ ਰਿਫਰੈਸ਼ਰ ਕੋਰਸ ਲਗਾਇਆ ।

## 10.3 ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ:

**ਪ੍ਰੋ. ਜਤਿੰਦਰ ਕੌਰ, ਪ੍ਰੋ. ਇੰਦਰਬੀਰ ਕੌਰ, ਪ੍ਰੋ. ਗੁਰਪਾਲ ਸਿੰਘ** ਅਤੇ **ਪ੍ਰੋ. ਸਤਵੀਰ ਕੌਰ** ਨੇ ਮਿਤੀ 1-3 ਜੂਨ, 2018 ਤੱਕ ਥਾਪਰ ਯੂਨੀਵਰਸਿਟੀ ਪਟਿਆਲਾ ਵੱਲੋਂ **An Effective Use of ICT in Transforming Traditional Learning and Development of MOOC's** ਵਿਸ਼ੇ ’ਤੇ ਆਯੋਜਿਤ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਵਿੱਚ ਭਾਗ ਲਿਆ।

**ਡਾ. ਗੋਰਖ ਸਿੰਘ** ਨੇ ਖ਼ਾਲਸਾ ਕਾਲਜ ਪਟਿਆਲਾ ਵੱਲੋਂ 18–24 ਦਸੰਬਰ 2018 ਨੂੰ ਆਯੋਜਿਤ ਸੱਤ ਦਿਨਾਂ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਵਿੱਚ ਭਾਗ ਲਿਆ।

## 10.4 ਸ਼ਾਰਟ ਟਰਮ ਕੋਰਸ:

**ਡਾ. ਸਰਬਜੀਤ ਸਿੰਘ ਆਹਲੂਵਾਲੀਆ** ਨੇ ਮਿਤੀ 7-9 ਫਰਵਰੀ 2019 ਤੱਕ ਡਾ. ਬੀ. ਆਰ. ਅੰਬੇਦਕਰ ਨੈਸ਼ਨਲ ਇੰਸਟੀਚਿਊਟ ਆਫ ਤਕਨਾਲੋਜੀ ਜਲੰਧਰ ਵਿਖੇ **Advances in Enzymes and Bioprocess Engineering** ਵਿਸ਼ੇ ’ਤੇ ਇੱਕ ਹਫ਼ਤੇ ਦਾ ਸ਼ਾਰਟ ਟਰਮ ਕੋਰਸ ਲਗਾਇਆ।

**ਪ੍ਰੋ. ਸਪਨਾ** ਨੇ **Synergy University Moscow, Russia** ਵਿਖੇ ਮਿਤੀ 18 ਫਰਵਰੀ 2019 ਤੋਂ 01 ਮਾਰਚ 2019 ਤੱਕ **International Entrepreneurship** ਵਿਸ਼ੇ ’ਤੇ 12 ਦਿਨਾਂ ਦਾ ਕੋਰਸ ਲਗਾਇਆ।

## 10.5. ਵਰਕਸ਼ਾਪਾਂ ਵਿੱਚ ਸ਼ਮੂਲੀਅਤ:

**ਡਾ. ਗੁਰਸ਼ਰਨ ਸਿੰਘ ਗਿੱਲ** ਨੇ ਮਿਤੀ 12 ਤੋਂ 18 ਅਪ੍ਰੈਲ 2018 ਤੱਕ ਫਿਜ਼ੀਕਲ ਐਜੂਕੇਸ਼ਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ Research Methodology and SPSS ਵਿਸ਼ੇ ’ਤੇ ਆਯੋਜਿਤ ਸੱਤ ਦਿਨਾਂ ਰਾਸ਼ਟਰੀ ਵਰਕਸ਼ਾਪ ਵਿੱਚ ਭਾਗ ਲਿਆ।

**ਪ੍ਰੋ. ਇੰਦਰਬੀਰ ਕੌਰ** ਅਤੇ **ਪ੍ਰੋ. ਗੁਰਪਾਲ ਸਿੰਘ** ਨੇ ਮਿਤੀ 21-27 ਫਰਵਰੀ, 2019 ਤੱਕ ਗੁਰੂ ਨਾਨਕ ਦੇਵ ਯੂਨੀਵਰਸਿਟੀ, ਸ੍ਰੀ ਅੰਮ੍ਰਿਤਸਰ ਵੱਲੋਂ **MOOC and E-Content Generation** ਵਿਸ਼ੇ ਤੇ ਆਯੋਜਿਤ 07 ਦਿਨਾਂ ਵਰਕਸ਼ਾਪ ਵਿੱਚ ਭਾਗ ਲਿਆ।

**ਡਾ. ਸਤਵਿੰਦਰ ਕੌਰ** ਅਤੇ **ਪ੍ਰੋ. ਗੁਰਜੀਤ ਕੌਰ** ਨੇ 28 ਫਰਵਰੀ 2019 ਨੂੰ **Department of Economics, Planning Commission Chair Centre for Development Economics and Innovation Studies, Punjabi University Patiala** ਦੁਆਰਾ **Agrarian Distress And Public Policy Options** ਵਿਸ਼ੇ ’ਤੇ ਕਰਵਾਈ ਗਈ ਵਰਕਸ਼ਾਪ ਵਿੱਚ ਸ਼ਮੂਲੀਅਤ ਕੀਤੀ।

**ਡਾ. ਸਤਿੰਦਰ ਕੌਰ** ਨੇ ਮਿਤੀ 7 ਜਨਵਰੀ 2019 ਤੋਂ 11 ਜਨਵਰੀ 2019 ਤੱਕ ਯੂਨੀਵਰਸਿਟੀ ਕਾਲਜ ਆਫ਼ ਇੰਜੀਅਰਿੰਗ **(UCOE) Punjabi University Patiala** ਦੇ ਇਲੈਕਟ੍ਰੋਨਿਕਸ ਵਿਭਾਗ ਦੁਆਰਾ **STC On Micro Controller** ਵਿਸ਼ੇ ’ਤੇ 5 ਦਿਨਾਂ ਵਰਕਸ਼ਾਪ ਵਿੱਚ ਭਾਗ ਲਿਆ।

**ਪ੍ਰੋ. ਮਨੀਸ਼ ਕੁਮਾਰ** ਨੇ ਮਿਤੀ 20 ਮਾਰਚ, 2018 ਤੋਂ 26 ਮਾਰਚ 2018, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸੰਸਕ੍ਰਿਤ ਵਿਭਾਗ ਵੱਲੋਂ **ਲੈਂਗੁਏਜ਼, ਲਿਟਰੇਚਰ ਅਤੇ ਲਿੰਗੁਇਸਟਿਕ** ਵਿਸ਼ੇ ’ਤੇ ਆਯੋਜਿਤ ਸੱਤ ਦਿਨਾਂ ਵਰਕਸ਼ਾਪ ਵਿੱਚ ਸ਼ਮੂਲੀਅਤ ਕੀਤੀ।

### 10.6 ਪ੍ਰਦਰਸ਼ਨੀਆਂ ਵਿੱਚ ਭਾਗ:

**ਡਾ. ਮਨਵੀਰ ਕੌਰ** ਨੇ ਮਿਤੀ 11 ਮਈ, 2018 ਨੂੰ ਆਰਟਸ ਅਰੋਮਾ ਵੱਲੋਂ ਨਹਿਰੂ ਸੈਂਟਰ ਲੰਡਨ ਵਿਖੇ ਆਯੋਜਿਤ ਅੰਤਰਰਾਸ਼ਟਰੀ ਪ੍ਰਦਰਸ਼ਨੀ **'L' ARTE CHE AMI 2018** ਵਿਸ਼ੇ ’ਤੇ ਆਯੋਜਿਤ ਪ੍ਰਦਰਸ਼ਨੀ ਵਿੱਚ ਭਾਗ ਲਿਆ।

## 11. ਅਧਿਆਪਕਾਂ ਦੇ ਅੰਤਰਰਾਸ਼ਟਰੀ ਜਰਨਲਾਂ ਵਿੱਚ ਪ੍ਰਕਾਸ਼ਿਤ ਖੋਜ ਪੇਪਰ:

**ਡਾ. ਗੁਰਸ਼ਰਨ ਸਿੰਘ ਗਿੱਲ** ਦਾ **Impact of SAQ and Plyometric Training on Speed Ability for Handball Players** ਵਿਸ਼ੇ ’ਤੇ ਲਿਖਿਆ ਖੋਜ ਪੱਤਰ **International Journal of Physiology, Nutrition and Physical Education, Vol:4, Issue:1, 2019, pp:113-15 (ISSN:2456-0057, Impact Factor 5.43** ਵਿੱਚ ਅਤੇ **Mode of Conveyance Effects Body Mass Index of School Girls of Punjab in India** ਵਿਸ਼ੇ ’ਤੇ ਲਿਖਿਆ ਖੋਜ

ਪੱਤਰ **International Journal of Yogic, Human Movement and Sports Science,** Vol:3, Issue:2, 2018, pp:848-851 (ISSN:2456-4419) ਵਿੱਚ ਪ੍ਰਕਾਸ਼ਿਤ ਹੋਇਆ।

**ਪ੍ਰੋ. ਵਿਕਰਮ ਗੁਪਤਾ** ਅਤੇ **ਡਾ. ਸਰਵਜੀਤ ਸਿੰਘ ਭਾਟੀਆ** ਦੁਆਰਾ ਸਾਂਝੇ ਤੌਰ 'ਤੇ ਲਿਖੇ ਗਏ ਤਿੰਨ ਖੋਜ ਪੱਤਰ–ਪਹਿਲਾ **Empirical Study in Validation of Cloud Based ERP Framework** ਵਿਸ਼ੇ 'ਤੇ ਖੋਜ ਪੱਤਰ **International Conference on Electrical, Communication, Electronics, Instrumentation and Computing (ICECEIC)** ਦੀ ਪ੍ਰੋਸੀਡਿੰਗਜ਼ ਵਿੱਚ ਛਪਿਆ। ਦੂਸਰਾ, **Review and Evaluation of Security Issues on Cloud Computing** ਵਿਸ਼ੇ 'ਤੇ ਖੋਜ ਪੱਤਰ **International Journal of Recent Technology and Engineering (IJRTE)** Scopus Indexed (ISSN:2227-3878 Vol.7, Issue:5 January 2019) ਵਿੱਚ ਅਤੇ ਤੀਸਰਾ **Reliable Cloud Based Framework for the Implementation of ERP** ਵਿਸ਼ੇ 'ਤੇ ਲਿਖਿਆ ਖੋਜ ਪੱਤਰ **International Journal of Innovative Technology and Exploring Engineering Scopus Indexed** (ISSN:2278-3075 Vol.8, Issue:4 February 2019) ਵਿੱਚ ਪ੍ਰਕਾਸ਼ਿਤ ਹੋਇਆ।

**ਪ੍ਰੋ. ਨਮਰਤਾ** ਦਾ **A New Alpha Cut Approach To Solve Fuzzy Game Problem** ਵਿਸ਼ੇ 'ਤੇ ਲਿਖਿਆ ਖੋਜ ਪੱਤਰ **ਇੰਟਰਨੈਸ਼ਨਲ ਜਨਰਲ ਆਫ਼ ਮੈਨੇਜਮੈਂਟ ਤਕਨਾਲੋਜੀ ਅਤੇ ਇੰਜੀਨੀਅਰਿੰਗ** (2018, Vol: 8, Issue: X, ISSN:2249-7455) ਵਿੱਚ ਪੇਪਰ ਪ੍ਰਕਾਸ਼ਿਤ ਹੋਇਆ।

**ਡਾ. ਸਰਬਜੀਤ ਸਿੰਘ ਆਹਲੂਵਾਲੀਆ** ਦਾ **Microbial Consortium of *Aspergillus fumigatus*, *Aspergillus terreus* and *Paenibacillus dendritiformis* in the bioremoval of Cadmium** ਵਿਸ਼ੇ 'ਤੇ ਲਿਖਿਆ ਖੋਜ ਪੱਤਰ **International Journal of Pharmaceutical Research,** (2018) 10(3) 230-238 ਵਿੱਚ ਪ੍ਰਕਾਸ਼ਿਤ ਹੋਇਆ ।

**ਡਾ. ਅੰਜੂ ਖੁੱਲਰ** ਦਾ **Synthesis Of Substituted 4- Biphenyl Acetamide Derivatives** ਵਿਸ਼ੇ 'ਤੇ ਲਿਖਿਆ ਖੋਜ ਪੱਤਰ **Asian Journal of Chemistry** ਅੰਕ 31(3) 510–514, 2019 ਵਿੱਚ ਪ੍ਰਕਾਸ਼ਿਤ ਹੋਇਆ। **ਡਾ. ਅੰਜੂ ਖੁੱਲਰ ਅਤੇ ਡਾ. ਹਿਨਾ** ਦਾ ਸਾਂਝੇ ਤੌਰ 'ਤੇ **Synthesis Characterisation Of Substituted 4- Biphenyl Acetamide Derivatives Against *Fuserium udum*** ਵਿਸ਼ੇ 'ਤੇ ਲਿਖਿਆ ਖੋਜ ਪੱਤਰ **International Journal of Management Technology and Engineering:**2512-2518, 2018 ਵਿੱਚ ਪ੍ਰਕਾਸ਼ਿਤ ਹੋਇਆ।

**ਡਾ. ਜੀਵੰਤ ਕੌਰ** ਦਾ **Baba Ala Singh in the writing of Sir Syed Mohammad Latif and Dr. Hari Ram Gupta** ਵਿਸ਼ੇ 'ਤੇ ਲਿਖਿਆ ਖੋਜ ਪੱਤਰ **International Journal Chintan** Issue:30, April –June 2018, Acharya Academy, Bharat ਵਿੱਚ ਅਤੇ **Agrarian Structure of Maharaja Ranjit Singh "International Journal Pramana** Issue:28(11), April –June 2018, Acharya Academy, Bharat ਵਿੱਚ ਪ੍ਰਕਾਸ਼ਿਤ ਹੋਏ।

**ਡਾ. ਜੈਸਮੀਨ ਟਿਵਾਣਾ** ਦਾ ਲਿਖਿਆ **A Study of Financial Performance Evaluation of Housing Development Finance Corporation Limited** ਵਿਸ਼ੇ 'ਤੇ ਲਿਖਿਆ ਪੇਪਰ **International Journal of Emerging Technology of Innovative Research,** February 2019, Vol.6, Issue:2, PP:472-481, ISSN:2349-5162 ਵਿੱਚ ਪ੍ਰਕਾਸ਼ਿਤ ਹੋਇਆ।

**ਪ੍ਰੋ. ਨਵਦੀਪ ਕੌਰ** ਦਾ **Depicting Woman as a Cyborg in Margaret Atwood's *The Edible Woman* and *The Handmaid's Tale*** ਵਿਸ਼ੇ 'ਤੇ ਪੇਪਰ **International Journal of English Language, Literature In Humanities,** January 2019, Vol.7, Issue:1, ISSN:2321-7065 ਵਿੱਚ ਪ੍ਰਕਾਸ਼ਿਤ ਹੋਇਆ।

**ਡਾ. ਗੁਰਸਿਮਰਜੀਤ ਕੌਰ** ਦਾ **Growth and Financing of Higher Education Sector in India** ਵਿਸ਼ੇ 'ਤੇ ਪੇਪਰ **Universal Review Journal,** November 2018, Vol.7, Issue:11, ISSN:2277-2723 ਵਿੱਚ ਪ੍ਰਕਾਸ਼ਿਤ ਹੋਇਆ।

**ਡਾ. ਰੂਪੀ ਧੀਰ** ਦਾ **Synthesis and characterization of diselenide derivatives of 4-substituted NN Disopropylpyridine -2-Carboxamide : X Ray Structure of Bis (3-{4-Chloro-N,N Disopropylpyridine -2-carboxamide})** diselenide ਵਿਸ਼ੇ 'ਤੇ ਲਿਖਿਆ ਖੋਜ ਪੱਤਰ **International Journal of Computer Applications,** July 2018 , ISBN 973-93-80795-38-3 ਵਿੱਚ ਪ੍ਰਕਾਸ਼ਿਤ ਹੋਇਆ।

**ਪ੍ਰੋ. ਰਾਜਦੀਪ ਸਿੰਘ ਧਾਲੀਵਾਲ** ਦਾ **Cytomorphological Study in Genus Cenchrus L.: An Important Medicinal Plant from North India (Family: Poaceae)** ਵਿਸ਼ੇ 'ਤੇ ਲਿਖਿਆ ਖੋਜ ਪੱਤਰ **The Japan Mendel Society** ਦੁਆਰਾ ਪ੍ਰਕਾਸ਼ਿਤ ਕੀਤੇ ਜਾਂਦੇ **International Journal Cytologia, 2018,** 83(1)45-52 ਵਿੱਚ ਪ੍ਰਕਾਸ਼ਿਤ ਹੋਇਆ।

**ਪ੍ਰੋ. ਅਮਨਦੀਪ ਸਿੱਧੂ** ਦਾ ਲਿਖਿਆ ਪੇਪਰ **Work Life Balance: Biggest Challenge of Modern Day Working Woman in Punjab** ਵਿਸ਼ੇ ਤੇ ਲਿਖਿਆ ਖੋਜ ਪੱਤਰ ਅਤੇ **ਪ੍ਰੋ. ਇੰਦਰਬੀਰ ਕੌਰ ਔਲਖ** ਦਾ **Woman Power in Financial Decision Making- A Study of Punjab** ਵਿਸ਼ੇ ’ਤੇ ਲਿਖਿਆ ਖੋਜ ਪੱਤਰ **International Journal of Business Quantitative and Applied Management Research,** 2017 Vol:4 Issue: 5, ISSN 2349-5677 ਵਿੱਚ ਪ੍ਰਕਾਸ਼ਿਤ ਹੋਇਆ।

**ਪ੍ਰੋ. ਭਰਤ ਗੋਇਲ** ਦਾ ਜੂਨ 2018 ਵਿੱਚ **Two stage specially structured flow shop scheduling including transportation time of jobs and probabilities associated with processing times to minimize total waiting time of jobs'** ਵਿਸ਼ੇ ’ਤੇ **ਲਿਖਿਆ ਪੇਪਰ International Journal of Emerging Technologies and Innovative Research** Vol:5 Issue 6 ਵਿੱਚ ਪ੍ਰਕਾਸ਼ਿਤ ਹੋਇਆ।

**ਪ੍ਰੋ. ਭਰਤ ਗੋਇਲ** ਦਾ ਅਕਤੂਬਰ –ਨਵੰਬਰ 2018 ਵਿੱਚ, **Specially structured flow shop scheduling in two stage with concept of job block and Transportation time to Optimise total waiting time of Jobs** ਵਿਸ਼ੇ ’ਤੇ ਲਿਖਿਆ ਖੋਜ ਪੱਤਰ **Scopus Indexed International Journal: International Journal of Engineering and Technology** Vol: 10 Issue:5 ਵਿੱਚ ਪ੍ਰਕਾਸ਼ਿਤ ਹੋਇਆ।

**ਪ੍ਰੋ. ਮਹਿੰਦਰ ਲਾਲ** ਦਾ **ਪ੍ਰੋ. ਸੰਦੀਪ ਸਿੰਘ** ਨਾਲ ਸਾਂਝੇ ਤੌਰ ’ਤੇ **Effect of sowing date and nitrogen level on growth and yield of Barley (*Hordeum vulgare* L.) under irrigated condition of Punjab region** ਵਿਸ਼ੇ ’ਤੇ ਲਿਖਿਆ ਖੋਜ ਪੇਪਰ ***International Journal of Agriculture Sciences*** (ISSN: 0975-3710 & E-ISSN: 0975-91-7,Volume 10, pp: 5785-5787 Issue: 7 Nov. 2018) ਵਿੱਚ ਪ੍ਰਕਾਸ਼ਿਤ ਹੋਇਆ।

**ਡਾ. ਬਲਜਿੰਦਰ ਕੌਰ** ਦੁਆਰਾ **ਸਰਹੰਦ ਦਾ ਲਹੂ ਭਿੱਜਿਆ ਇਤਿਹਾਸ** ਵਿਸ਼ੇ ’ਤੇ ਲਿਖਿਆ ਖੋਜ ਪੱਤਰ **International Journal of Punjabi Literature: Language and Culture Aseem Publication Canada** (ISSN:2561-9564, January to April 2018) ਵਿਚ ਪ੍ਰਕਾਸ਼ਿਤ ਹੋਇਆ।

**ਪ੍ਰੋ. ਲਖਵਿੰਦਰ ਸਿੰਘ** ਦਾ **Medicinal And Pharmacological Properties Of Different *Ficus* Species: A Review** ਵਿਸ਼ੇ ’ਤੇ ਲਿਖਿਆ ਖੋਜ ਪੇਪਰ **International Journal of Creative Research Thoughts** Volume 6, Issue 2 April 2018 pp 705-709 ਵਿੱਚ ਪ੍ਰਕਾਸ਼ਿਤ ਹੋਇਆ।

**ਡਾ. ਸੁਨੀਲ ਕੁਮਾਰ** ਦਾ **Study on the performance of vegetative barriers and improved forage species on productivity of degraded grasslands** ਵਿਸ਼ੇ ’ਤੇ ਲਿਖਿਆ ਖੋਜ ਪੇਪਰ **International Journal of Current Microbiology and Applied Sciences.** 2018; 7 (7) : 254-263 ਅਤੇ **Alleviating the adverse effect of water stress in Wheat by Foliar spray of Bio-regulators** ਵਿਸ਼ੇ ’ਤੇ ਲਿਖਿਆ ਖੋਜ ਪੇਪਰ **International Journal of Current Microbiology and Applied Sciences.** Special issue 2018; 7 (7): 3345-3354 ਵਿੱਚ ਪ੍ਰਕਾਸ਼ਿਤ ਹੋਏ।

**ਡਾ. ਸਤਿੰਦਰ ਕੌਰ** ਦੁਆਰਾ **A Study on attributes of service level agreement for cloud computing services** ਵਿਸ਼ੇ ’ਤੇ ਲਿਖਿਆ ਖੋਜ ਪੱਤਰ **International Journal of Business Management and Research** Volume 8 Jan -June 2018:pp 28(ISSN :2249-2143) ਵਿੱਚ ਪ੍ਰਕਾਸ਼ਿਤ ਹੋਇਆ।

**ਪ੍ਰੋ. ਡਿੰਪਲ** ਦਾ **Numerical Inversion Of Laplace Transform Based On Bernstein Operational Matrix** ਵਿਸ਼ੇ ’ਤੇ ਖੋਜ ਪੇਪਰ **ਮੈਥੇਮੈਟੀਕਲ ਮੈਥਡਜ਼ ਇਨ ਅਪਲਾਈਡ ਸਾਇੰਸ ਜਰਨਲ** (John Wiley SCI, Volume:41, 2018, PP:9231-9243) ਵਿੱਚ ਅਤੇ **Modification of laplace adomain decomposition method for solving non linear volterra integral and intergro- differential equations based on Newton Raphson formula** (Volume:11, Issue:1, 2018, PP:202-214) ਵਿਸ਼ੇ ’ਤੇ ਖੋਜ ਪੇਪਰ **ਯੂਰੋਪੀਅਨ ਜਰਨਲ ਆਫ ਪਿਓਰ ਐਂਡ ਅਪਲਾਈਡ ਮੈਥੇਮੈਟਿਕਸ** ਵਿੱਚ ਪ੍ਰਕਾਸ਼ਿਤ ਹੋਇਆ।

**ਪ੍ਰੋ. ਵਿਧੂ ਗੁਪਤਾ** ਦੁਆਰਾ **A Note On Kevi Ring** ਅਤੇ **On W-$-I- Open Sets** ਵਿਸ਼ਿਆਂ ਤੇ ਲਿਖੇ ਖੋਜ ਪੱਤਰ **ਇੰਟਰਨੈਸ਼ਨਲ ਜਨਰਲ ਆਫ ਮੈਨੇਜਮੈਂਟ ਤਕਨਾਲੋਜੀ ਐਂਡ ਇੰਜੀਨੀਅਰਿੰਗ** July 2018, Volume:8, Issue:7, ISSN:2249-7455, ਵਿੱਚ ਪ੍ਰਕਾਸ਼ਿਤ ਹੋਏ।

**ਡਾ. ਸਤਿੰਦਰ ਕੌਰ** ਦਾ **A Study on Attribute of Service Level Agreement For Cloud Computing Services** ਵਿਸ਼ੇ ’ਤੇ ਲਿਖਿਆ ਖੋਜ ਪੱਤਰ **ਇੰਟਰਨੈਸ਼ਨਲ ਜਨਰਲ ਆਫ ਬਿਜ਼ਨੈਸ, ਮੈਨੇਜਮੈਂਟ ਐਂਡ ਰਿਸਰਚ** ਵਿੱਚ Vol:8 Issue: 1, Jan-June 2018, PP:28, ISSN 2249-2143 ਵਿੱਚ ਪ੍ਰਕਾਸ਼ਿਤ ਹੋਇਆ।

## 12. ਅਧਿਆਪਕਾਂ ਦੇ ਰਾਸ਼ਟਰੀ ਖੋਜ ਜਰਨਲਾਂ ਵਿੱਚ ਪ੍ਰਕਾਸ਼ਿਤ ਪੇਪਰ:

**ਪ੍ਰੋ. ਅਮਨਦੀਪ ਸਿੱਧੂ** ਦਾ ਲਿਖਿਆ ਪੇਪਰ **Are Women Able to Manage their Work Life Balance?** ਵਿਸ਼ੇ ’ਤੇ ਲਿਖਿਆ ਖੋਜ ਪੱਤਰ ਅਤੇ **ਪ੍ਰੋ. ਇੰਦਰਬੀਰ ਕੌਰ ਔਲਖ** ਦਾ **Financial Autonomy of Women in Punjab** ਵਿਸ਼ੇ ’ਤੇ ਲਿਖਿਆ ਖੋਜ ਪੱਤਰ **Journal of**

**General Management Research** Vol:4 Issue: 2, ISSN 2348-2869 ਵਿੱਚ ਪ੍ਰਕਾਸ਼ਿਤ ਹੋਏ।

**ਪ੍ਰੋ. ਕਮਲੇਸ਼ ਕੁਮਾਰ** ਦਾ **Effect Of Nitrogen And Zinc On Growth And Quality Character of Winter Maize (*Zea Mays* L.) Under Irrigated Condition of Punjab** ਵਿਸ਼ੇ 'ਤੇ ਲਿਖਿਆ ਖੋਜ ਪੇਪਰ **Agriways Journal** 2018; 6 (2):27-31 ਵਿੱਚ ਅਤੇ ਇਨ੍ਹਾਂ ਦਾ ਹੀ **ਡਾ. ਹਰਪ੍ਰੀਤ ਕੌਰ** ਨਾਲ ਸਾਂਝੇ ਤੌਰ 'ਤੇ **Effect of Integrated Nutrient Management Practices On The Growth And Yield of Potato (*Solanum Tuberosum* L.) Under Irrigated Condition of Punjab** ਵਿਸ਼ੇ 'ਤੇ ਲਿਖਿਆ ਖੋਜ ਪੇਪਰ **Agriways Journal** 2018; 6 (2) 4-10 ਵਿੱਚ ਪ੍ਰਕਾਸ਼ਿਤ ਹੋਇਆ।

**ਪ੍ਰੋ. ਮਹਿੰਦਰ ਲਾਲ** ਦਾ **Effect of nitrogen and phosphorus on growth parameter and yield of canola (*Brassica napus* L.)** ਵਿਸ਼ੇ ਤੇ ਲਿਖਿਆ ਖੋਜ ਪੇਪਰ **Journal of Pharmacognosy and Phytochemistry** E-ISSN: 2278-4136 P-ISSN: 2329-8234, 2019;8(1): 380-384 ਵਿੱਚ ਪ੍ਰਕਾਸ਼ਿਤ ਹੋਇਆ।

**ਡਾ. ਵੰਦਨਾ ਕਪੂਰ** ਦਾ **ਭਾਰਤੀ ਲੋਕ ਰੰਗ ਮੰਚ: ਅਭਿਨੈ ਅਤੇ ਪ੍ਰਸਤੁਤੀ ਵਿਧਾਨ** ਵਿਸ਼ੇ ਤੇ ਲਿਖਿਆ ਲੇਖ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਦੁਆਰਾ ਛਾਪੀ ਜਾਂਦੀ ਸਾਹਿਤਕ ਪੱਤ੍ਰਿਕਾ **ਸ਼ਬਦ ਬੂੰਦ** ਜੂਨ 2018, ਅੰਕ: 157 ਪੰਨਾ 56 ਵਿੱਚ ਪ੍ਰਕਾਸ਼ਿਤ ਹੋਇਆ।

**ਪ੍ਰੋ. ਲਖਵਿੰਦਰ ਸਿੰਘ** ਦਾ ***Asparagus racemosus*: The Plant With Immense Medicinal Potential** ਵਿਸ਼ੇ ਤੇ ਲਿਖਿਆ ਖੋਜ ਪੇਪਰ **Journal of Pharmacognosy and Phytochemistry** 2018; 7(3): 2199-2203 ਵਿੱਚ ਅਤੇ **Study on Performance of Poplar Clones In Relation To Soil Condition And Growth Regulator Application In Nursery** ਵਿਸ਼ੇ 'ਤੇ ਲਿਖਿਆ ਖੋਜ ਪੇਪਰ **The Journal of Phytopharmacology** 2018; 7(3): pp-1-4 ਵਿੱਚ ਪ੍ਰਕਾਸ਼ਿਤ ਹੋਇਆ।

**ਡਾ. ਸਤਵਿੰਦਰ ਕੌਰ** ਦਾ **Economics of Pulse Cultivation in Punjab** ਵਿਸ਼ੇ 'ਤੇ ਲਿਖਿਆ ਖੋਜ ਪੇਪਰ **World Journal of Social Sciences Research California, U.S.A.,** ਅੰਕ:5 ISSN 2332-5534 ਵਿੱਚ ਪ੍ਰਕਾਸ਼ਿਤ ਹੋਇਆ।

**ਡਾ. ਹਿਨਾ** ਦਾ **Coulometry, Mass Spectrometry, Cyclic Voltammetry, Anode Stripping Voltammetry** ਵਿਸ਼ੇ 'ਤੇ ਲਿਖਿਆ ਖੋਜ ਪੱਤਰ **U.G.C. Module: Environmental Sciences E-Pathshala** ਵਿੱਚ ਪ੍ਰਕਾਸ਼ਿਤ ਹੋਇਆ।

## 13. ਅਧਿਆਪਕਾਂ ਵੱਲੋਂ ਪ੍ਰਕਾਸ਼ਿਤ ਖੋਜ ਪੁਸਤਕਾਂ/ਅਨੁਵਾਦਿਤ ਪੁਸਤਕਾਂ:

**13.1 ਅਧਿਆਪਕਾਂ ਵੱਲੋਂ ਨਿੱਜੀ ਤੌਰ ’ਤੇ ਪ੍ਰਕਾਸ਼ਿਤ ਖੋਜ ਪੁਸਤਕਾਂ/ਅਨੁਵਾਦਿਤ ਪੁਸਤਕਾਂ:**

**ਡਾ. ਗੁਰਸ਼ਰਨ ਸਿੰਘ ਗਿੱਲ** ਦੀਆਂ **Text Book of Physical Education And Sports for B.A. 1st and Text Book of Physical Education And Sports for B.A. 2nd** ਵਿਸ਼ਿਆਂ ’ਤੇ ਲਿਖੀਆਂ ਦੋ ਕਿਤਾਬਾਂ **AP Publisher, Jalandhar** ਵੱਲੋਂ ਪ੍ਰਕਾਸ਼ਿਤ ਹੋਈਆਂ।

**ਡਾ. ਜੀਵੰਤ ਕੌਰ** ਦੀ **ਬਾਬਾ ਆਲਾ ਸਿੰਘ** ਵਿਸ਼ੇ ’ਤੇ ਪੁਸਤਕ **Unistar Books Mohali** ਤੋਂ ਪ੍ਰਕਾਸ਼ਿਤ ਹੋਈ।

**ਡਾ. ਮੁਹੰਮਦ ਯੂਸਫ਼** ਨੇ ਇਸ ਸੈਸ਼ਨ ਦੌਰਾਨ ਮੌਲਾਨਾ ਵਹੀਦ–ਉਦ–ਦੀਨ ਖਾਨ ਦੀ ਪੁਸਤਕ **ਸੱਚਾਈ ਦੀ ਤਲਾਸ਼** ਦਾ ਉਰਦੂ ਭਾਸ਼ਾ ਤੋਂ ਪੰਜਾਬੀ ਗੁਰਮੁਖੀ ਭਾਸ਼ਾ ਵਿੱਚ ਅਨੁਵਾਦ ਕੀਤਾ ਜਿਸ ਨੂੰ 2018 ਵਿੱਚ ਗੁਡ ਵਰਡ ਪਬਲੀਸ਼ਰਜ਼, ਦਿੱਲੀ ਵੱਲੋਂ ਛਾਪਿਆ ਗਿਆ।

**ਪ੍ਰੋ. ਵਿਧੂ ਗੁਪਤਾ** ਦੀਆਂ **Analysis (ISBN 978-613-8-38927-9)** ਅਤੇ **Algebraic Topology (ISBN 978-613-9-81912-6)** ਵਿਸ਼ਿਆਂ ਤੇ ਕਿਤਾਬਾਂ **Lambert Academic Publishing, Germany** ਵੱਲੋਂ ਪ੍ਰਕਾਸ਼ਿਤ ਕੀਤੀਆਂ ਗਈਆਂ ।

**14. ਵੱਖ ਵੱਖ ਪੁਸਤਕਾਂ/ਮੈਗਜ਼ੀਨਾਂ ਵਿਚ ਪ੍ਰਕਾਸ਼ਿਤ ਖੋਜ ਪੇਪਰ/ ਆਰਟੀਕਲ/ ਚੈਪਟਰ:**

**ਡਾ. ਹਰਵਿੰਦਰ ਕੌਰ** ਦਾ **ਪ੍ਰਵਾਸੀ ਕਥਾਕਾਰਾ ਵੀਨਾ ਵਰਮਾ ਕੀ ਕਹਾਨੀਓਂ ਮੇਂ ਨਾਰੀ ਜੀਵਨ ਕੀ ਵਿਭਿੰਨ ਸਮੱਸਿਆਓਂ ਕਾ ਚਿੱਤ੍ਰਣ** ਵਿਸ਼ੇ ਤੇ ਲਿਖਿਆ ਖੋਜ ਪੱਤਰ **ਪ੍ਰਵਾਸੀ ਪੰਜਾਬੀ ਸਾਹਿਤ: ਏਕ ਨਜ਼ਰ** (ਸੰਪਾਦਕ: ਡਾ. ਰਾਜਿੰਦਰ ਕੌਰ ਅਤੇ ਡਾ. ਦਲੀਪ ਸਿੰਘ, ISBN-978-93-87765-21-4) ਨਾਮ ਦੀ ਪੁਸਤਕ ਵਿੱਚ ਛਪਿਆ ਜੋ ਕਿ ਲਾਹੌਰ ਬੁੱਕ ਸ਼ਾਪ, ਲੁਧਿਆਣਾ ਵੱਲੋਂ 2019 ਪ੍ਰਕਾਸ਼ਿਤ ਕੀਤੀ ਗਈ।

**ਡਾ. ਹਰਵਿੰਦਰ ਕੌਰ** ਦਾ **ਰਾਮ ਭਗਤੀ ਸਾਹਿਤਯ ਮੇਂ ਮਾਨਵੀ ਮੂਲਯ :ਰਾਮ ਚਰਿੱਤ ਮਾਨਸ ਕੇ ਸੰਦਰਭ ਮੇਂ** ਵਿਸ਼ੇ ’ਤੇ ਲਿਖਿਆ ਖੋਜ ਪੱਤਰ **ਜੀਵਨ ਸਾਹਿਤਯ ਤਥਾ ਕਲਾ ਮੇਂ ਰਾਮ** ਨਿਰਮਲ ਪਬਲੀਕੇਸ਼ਨਜ਼ ਦਿੱਲੀ, 2018, ਸੰਪਾਦਕ: ਡਾ. ਸੁਖਦੇਵ ਸਿੰਘ ਮਿਨਹਾਸ ISBN-978-81-86400-346-X ਨਾਮ ਦੀ ਪੁਸਤਕ ਵਿੱਚ ਪ੍ਰਕਾਸ਼ਿਤ ਹੋਇਆ।

ਸਥਾਨਕ ਕਾਲਜ ਵੱਲੋਂ ਪ੍ਰਕਾਸ਼ਿਤ ਪੁਸਤਕ **Leadership Wisdom: Diverse Perspectives 2018** (ISBN 978-93-84762-09-4) ਵਿੱਚ **ਪ੍ਰੋ. ਜਸਪ੍ਰੀਤ ਕੌਰ** ਦਾ **What is Right and What is Easy: Leadership Lessons From Harry Potter Series** ਵਿਸ਼ੇ ’ਤੇ, **ਡਾ. ਰੂਬਲ ਬਰਾੜ** ਦਾ **Shiva Model Of Transformational Leadership: A Study Of The Shiva Trilogy By Amish Tripathi** ਵਿਸ਼ੇ ’ਤੇ ਅਤੇ **ਪ੍ਰੋ. ਸਪਨਾ** ਦਾ **Leadership**

**Wisdom in Hinduism: Learning from Ramayana and Bhagvad Gita** ਵਿਸ਼ਿਆਂ ਤੇ ਲਿਖੇ ਖੋਜ ਪੱਤਰ ਪ੍ਰਕਾਸ਼ਿਤ ਹੋਏ।

**ਪ੍ਰੋ. ਰਾਜਦੀਪ ਸਿੰਘ ਧਾਲੀਵਾਲ** ਦਾ **Cytological Study on Two Species of *Cymbopogon* Spreng.: A Grass with Medicinal Importance** ਵਿਸ਼ੇ 'ਤੇ ਲਿਖਿਆ ਖੋਜ ਪੇਪਰ **Emerging Trends and Challenges in Bio-Sciences** (Editor in Chief Dr. R.P. Singh) 2019, Pp: 73-78, Daya Publishing House ਵਿੱਚ ਬਤੌਰ **Book Chapter** ਪ੍ਰਕਾਸ਼ਿਤ ਹੋਇਆ।

**ਪ੍ਰੋ. ਇੰਦਰਬੀਰ ਕੌਰ** ਦਾ **Migration of Indian Students to Foreign Countries: Gain or Drain** ਵਿਸ਼ੇ 'ਤੇ ਲਿਖਿਆ ਖੋਜ ਪੱਤਰ **ਯੁਵਾ** ਨਾਮ ਦੀ ਪੁਸਤਕ ਜੋ ਕਿ ਮੁਲਤਾਨੀ ਮੱਲ ਮੋਦੀ ਕਾਲਜ, ਪਟਿਆਲਾ ਦੇ ਐਨ.ਐਸ.ਐਸ. ਵਿਭਾਗ ਵੱਲੋਂ ਛਾਪੀ ਗਈ, ਵਿੱਚ ਪ੍ਰਕਾਸ਼ਿਤ ਹੋਇਆ।

**ਡਾ. ਗੋਰਖ ਸਿੰਘ** ਦਾ ਲਿਖਿਆ **Sustainable Agriculture and Crop Strategy in Punjab: Analysis Based on 1987-88 to 2017-18** ਖੋਜ ਪੱਤਰ **ਅੰਤਰਰਾਸ਼ਟਰੀ ਮੈਗਜ਼ੀਨ ਅਨੁਸੰਧਾਨ ਵਾਟਿਕਾ** (ISSN:2230-8938 Impact Factor 5.373) ਵਿੱਚ ਪ੍ਰਕਾਸ਼ਿਤ ਹੋਇਆ।

**ਡਾ. ਵਰਿੰਦਰਜੀਤ ਕੌਰ** ਦਾ Nuclear Tests: Safe Limits and Beyond, Physics: Unscrambling the Mysteries of Universe ਅਤੇ God Particle: New Era of Science ਵਿਸ਼ਿਆਂ 'ਤੇ ਲਿਖੇ ਆਰਟੀਕਲ **Scientific India Magazine,** Vol:6, 38 (2018) ISSN:2349-1418 ਪ੍ਰਕਾਸ਼ਿਤ ਹੋਏ। ਇਨ੍ਹਾਂ ਦੇ ਮਨਫ਼ੀ ਹੋ ਰਿਹਾ ਰਿਸ਼ਤਿਆਂ ਵਿਚਲਾ ਨਿੱਘ ਪੰਜਾਬੀ ਟ੍ਰਿਬਿਊਨ (3 ਫਰਵਰੀ 2018) ਵਿੱਚ ਅਤੇ ਜ਼ਿੰਦਗੀ ਦੀਆਂ ਪੈੜ੍ਹਾਂ ਪੰਜਾਬੀ ਜਾਗਰਣ (10 ਮਈ 2018) ਅਖਬਾਰਾਂ ਵਿੱਚ ਪ੍ਰਕਾਸ਼ਿਤ ਹੋਏ।

**ਡਾ. ਵੰਦਨਾ ਕਪੂਰ** ਦਾ **ਗਲੋਬਲੀ ਪਰਿਪੇਖ ਵਿੱਚ ਪੰਜਾਬੀ ਲੋਕ ਸੱਭਿਆਚਾਰ ਅਤੇ ਲੋਕ ਰੰਗ ਮੰਚ ਦੀ ਸਥਿਤੀ ਚੁਣੌਂਤੀਆਂ/ਸੰਭਾਵਨਾਵਾਂ** ਵਿਸ਼ੇ ਤੇ ਲਿਖਿਆ ਖੋਜ ਪੱਤਰ ਖ਼ਾਲਸਾ ਕਾਲਜ ਪਟਿਆਲਾ ਵੱਲੋਂ ਪ੍ਰਕਾਸ਼ਿਤ ਪੁਸਤਕ **ਪੰਜਾਬੀ ਭਾਸ਼ਾ: ਸਥਿਤੀ ਤੇ ਸੰਭਾਵਨਾਵਾਂ** ਵਿੱਚ ਪ੍ਰਕਾਸ਼ਿਤ ਹੋਇਆ।

## 15. ਅਧਿਆਪਕਾਂ ਨੂੰ ਮਿਲੇ ਐਵਾਰਡ:

**ਡਾ. ਵਰਿੰਦਰਜੀਤ ਕੌਰ** ਨੂੰ **Venus International Foundation, Centre for Advaced Research and Design, Chennai, Tamil Nadu** ਦੁਆਰਾ ਉਨ੍ਹਾਂ ਦੀਆਂ ਫਿਜ਼ਿਕਸ ਦੇ ਖੇਤਰ ਵਿੱਚ ਯੋਗਦਾਨ ਅਤੇ ਪ੍ਰਾਪਤੀਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਸਾਲ 2018 ਵਿੱਚ **Outstanding Faculty in Science** ਦੇ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।

## 16. ਮੈਂਬਰ ਬੋਰਡ ਆਫ਼ ਸਟੱਡੀਜ਼/ ਐਡੀਟੋਰੀਅਲ ਬੋਰਡ:

**ਡਾ. ਮਨਵਿੰਦਰ ਕੌਰ** ਨੂੰ International Journal of Quality, Reliability and Management, (Emerald Publishers, U.K.) ਦਾ Associate Editor ਨਾਮਜ਼ਦ ਕੀਤਾ ਗਿਆ।

ਇਸ ਸੈਸ਼ਨ ਦੌਰਾਨ **ਡਾ. ਸਤਵਿੰਦਰ ਕੌਰ** ਨੂੰ **ਵਰਲਡ ਜਨਰਲ ਆਫ਼ ਸੋਸ਼ਲ ਸਾਇੰਸਜ਼ ਰਿਸਰਚ ਕੈਲੀਫੋਰਨੀਆ, ਯੂ.ਐਸ.ਏ.** ਦੇ ਐਡੀਟੋਰੀਅਲ ਬੋਰਡ ਦਾ ਮੈਂਬਰ ਨਿਯੁਕਤ ਕੀਤਾ ਗਿਆ।

**ਡਾ. ਹਿਨਾ** ਨੂੰ **ਕੰਨਿਆ ਮਹਾਂਵਿਦਿਆਲਿਆ** ਜਲੰਧਰ ਦੇ **ਬੋਰਡ ਆਫ਼ ਅੰਡਰ ਗ੍ਰੈਜੂਏਟ ਅਤੇ ਪੋਸਟ ਗ੍ਰੈਜੂਏਟ ਸਟੱਡੀਜ਼** ਦਾ ਮੈਂਬਰ ਨਿਯੁਕਤ ਕੀਤਾ ਗਿਆ।

## 17. ਅਧਿਆਪਕਾਂ ਦੁਆਰਾ ਦਿੱਤੀ ਗਈ ਜੱਜਮੈਂਟ:

ਇਸ ਸੈਸ਼ਨ ਦੌਰਾਨ **ਡਾ. ਸਤਵਿੰਦਰ ਕੌਰ** ਨੇ 01 ਮਾਰਚ, 2019 ਨੂੰ **ਪਟਿਆਲਾ ਵਿਰਾਸਤੀ ਮੇਲੇ** ਵਿੱਚ **ਲੋਕ ਨਾਚ ਸੰਮੀ** ਦੀ ਜੱਜਮੈਂਟ ਕੀਤੀ।

## 18. ਕਾਲਜ ਦੇ ਅਧਿਆਪਕਾਂ ਦੁਆਰਾ ਕਾਨਫਰੰਸਾਂ/ਸੈਮੀਨਾਰਾਂ ਵਿੱਚ ਦਿੱਤੇ ਗਏ ਕੀ ਨੋਟ ਐਡਰੈੱਸ/ਚੇਅਰ ਕੀਤੇ ਗਏ ਸੈਸ਼ਨ:

ਇਸ ਸੈਸ਼ਨ ਦੌਰਾਨ **ਪ੍ਰੋ. ਇੰਦਰਬੀਰ ਕੌਰ** ਨੇ 18-19 ਦਸੰਬਰ 2018 ਨੂੰ **524th IRES International Conference on Science Technology and Management (ICSTM)**, ਜੋ ਕਿ (**London), UK** ਲੰਡਨ ਵਿਖੇ ਹੋਈ, ਵਿੱਚ ਕੀਨੋਟ ਐਡਰੈਸ ਦਿੱਤਾ ਅਤੇ ਇਸੇ ਕਾਨਫਰੰਸ ਵਿੱਚ **Impact of Technology on Various Aspects of Life** ਵਿਸ਼ੇ 'ਤੇ ਸੈਸ਼ਨ ਚੇਅਰ ਕੀਤਾ।

ਇਸ ਸੈਸ਼ਨ ਦੌਰਾਨ **ਪ੍ਰੋ. ਰਾਜਦੀਪ ਸਿੰਘ ਧਾਲੀਵਾਲ** ਨੇ ਮਿਤੀ 19-20 ਨਵੰਬਰ 2018 ਨੂੰ ਸੀ-ਡੈਕ, ਮੋਹਾਲੀ ਵੱਲੋਂ ਆਯੋਜਿਤ **Agri –Smart-2018 using IoT for Driving Smart Agriculture** ਵਿਸ਼ੇ 'ਤੇ ਕਰਵਾਈ ਗਈ **DSIR Sponsored National Conference** ਵਿੱਚ ਇੱਕ ਅਕਾਦਮਿਕ ਸੈਸ਼ਨ ਚੇਅਰ ਕੀਤਾ।

## 19. ਕਾਲਜ ਵੱਲੋਂ ਕਰਵਾਏ ਗਏ ਲੈਕਚਰ/ਕਾਲਜ ਦੇ ਅਧਿਆਪਕਾਂ ਦੁਆਰਾ ਦਿੱਤੇ ਗਏ ਲੈਕਚਰ:

### 19.1 ਕਾਲਜ ਵੱਲੋਂ ਕਰਵਾਏ ਗਏ ਲੈਕਚਰ:

**ਕਾਲਜ ਦੇ ਵੱਖ-ਵੱਖ ਵਿਭਾਗਾਂ ਵੱਲੋਂ 12 ਲੈਕਚਰ ਕਰਵਾਏ ਗਏ।**

**ਬੀ.ਵਾਕ. ਫੂਡ ਪ੍ਰੋਸੈਸਿੰਗ ਐਂਡ ਇੰਜੀਨੀਅਰਿੰਗ ਵਿਭਾਗ** ਵੱਲੋਂ ਮਿਤੀ 16 ਨਵੰਬਰ 2018 ਨੂੰ **ਪ੍ਰੋ. ਗੁਰਪ੍ਰੀਤ ਸਿੰਘ** ਦਾ **PMKVY** ਦੀ **Flagship Scheme** ਅਧੀਨ **Skill Based Courses** ਵਿਸ਼ੇ 'ਤੇ **ਲੈਕਚਰ** ਦਾ ਆਯੋਜਨ ਕੀਤਾ ਗਿਆ।

**ਬੀ.ਵਾਕ. ਆਟੋ ਮੋਬਾਇਲਜ਼ ਐਂਡ ਐਡਵਾਂਸਡ ਡਿਪਲੋਮਾ ਇਨ ਆਟੋ ਇਲੈਕਟ੍ਰੀਕਲ ਐਂਡ ਇਲੈਕਟ੍ਰੋਨਿਕਸ ਵਿਭਾਗ** ਵੱਲੋਂ ਮਿਤੀ 12 ਸਤੰਬਰ 2018 ਨੂੰ **ਇੰਜ. ਸਰਪ੍ਰੀਤ ਸਿੰਘ**, ਅਸਿਸਟੈਂਟ ਪ੍ਰੋਫੈਸਰ ਮਕੈਨੀਕਲ ਇੰਜਨੀਅਰਿੰਗ ਵਿਭਾਗ ਰਿਆਤ ਬਾਹਰਾ ਯੂਨੀਵਰਸਿਟੀ ਮੁਹਾਲੀ ਦਾ **ਏ.ਸੀ. ਅਤੇ ਰੈਫਰੀਜਰਸ਼ਨ** ਵਿਸ਼ੇ 'ਤੇ **ਲੈਕਚਰ** ਦਾ ਆਯੋਜਨ ਕੀਤਾ ਗਿਆ ਅਤੇ ਮਿਤੀ 13 ਸਤੰਬਰ 2018 ਨੂੰ ਹੀਰਾ ਆਟੋ ਮੋਬਾਇਲਜ਼ ਪਟਿਆਲਾ ਦੇ ਸਹਿਯੋਗ ਨਾਲ ਮੈਨੇਜਰ **ਸ੍ਰੀ ਆਸ਼ਿਸ਼** ਦਾ **ਰੋਡ ਸੇਫਟੀ ਅਤੇ ਅਵੇਅਰਨੈੱਸ** ਵਿਸ਼ੇ 'ਤੇ **ਲੈਕਚਰ** ਦਾ ਕਰਵਾਇਆ ਗਿਆ।

**ਪੋਸਟ ਗ੍ਰੈਜੂਏਟ ਡਿਪਾਰਟਮੈਂਟ ਆਫ਼ ਕੰਪਿਊਟਰ ਸਾਇੰਸ ਅਤੇ ਕੰਪਿਊਨੋਨਿਕਸ ਕਲੱਬ** ਵੱਲੋਂ ਮਿਤੀ 20 ਸਤੰਬਰ 2018 ਨੂੰ ਭਾਈ ਘੱਨ੍ਹਈਆ ਦਿਵਸ ਮੌਕੇ **ਪ੍ਰੋ. ਲਖਵਿੰਦਰ ਸਿੰਘ**, ਗੁਰੂ ਨਾਨਕ ਕਾਲਜ ਬੁਢਲਾਡਾ ਦਾ **ਭਾਈ ਘੱਨ੍ਹਈਆ ਜੀ ਦੀ ਜੀਵਨੀ ਅਤੇ ਕਾਰਜ ਸ਼ੈਲੀ** ਉੱਤੇ **ਲੈਕਚਰ** ਕਰਵਾਇਆ ਗਿਆ ਅਤੇ ਮਿਤੀ 25 ਜਨਵਰੀ 2019 ਨੂੰ **ਗਣਤੰਤਰ ਦਿਵਸ** ਮੌਕੇ **ਪ੍ਰਿੰਸੀਪਲ ਡਾ. ਧਰਮਿੰਦਰ ਸਿੰਘ ਉੱਭਾ** ਨੇ ਵਿਭਾਗ ਦੇ ਵਿਦਿਆਰਥੀਆਂ ਨੂੰ ਗਣਤੰਤਰ ਦਿਵਸ ਦੀ ਮਹੱਤਤਾ' ਵਿਸ਼ੇ 'ਤੇ ਵਿਸ਼ੇਸ਼ **ਲੈਕਚਰ** ਦਿੱਤਾ।

**ਬਾਇਓਟੈਕਨਾਲੋਜੀ ਵਿਭਾਗ** ਦੁਆਰਾ ਮਿਤੀ 17 ਸਤੰਬਰ 2018 ਨੂੰ **ਡਾ. ਅਨੂਪ ਵਰਮਾ,** ਐਸੋਸੀਏਟ ਪ੍ਰੋਫੈਸਰ ਥਾਪਰ ਯੂਨੀਵਰਸਿਟੀ ਪਟਿਆਲਾ ਦਾ **Application of Biotechnology in Everyday life and Environment** ਵਿਸ਼ੇ 'ਤੇ **ਲੈਕਚਰ** ਕਰਵਾਇਆ ਗਿਆ।

**ਫਿਜ਼ਿਕਸ ਵਿਭਾਗ** ਦੁਆਰਾ ਮਿਤੀ 30 ਅਕਤੂਬਰ 2018 ਨੂੰ **ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ** ਨੂੰ ਸਮਰਪਿਤ **ਭੌਤਿਕ ਵਿਗਿਆਨ ਵਿਭਿੰਨ ਪਾਸਾਰ** ਵਿਸ਼ੇ 'ਤੇ **ਲੈਕਚਰ ਲੜੀ** ਸ਼ੁਰੂ ਕਰਵਾਈ ਗਈ ਜਿਸ ਦੌਰਾਨ **ਡਾ. ਕੰਵਰਜੀਤ ਸਿੰਘ**, ਪ੍ਰਿੰਸੀਪਲ ਗੁਰਮਤਿ ਕਾਲਜ ਪਟਿਆਲਾ ਦਾ ਗੁਰਬਾਣੀ ਅਤੇ ਵਿਗਿਆਨ ਵਿਸ਼ੇ 'ਤੇ **ਲੈਕਚਰ** ਕਰਵਾਇਆ ਗਿਆ। ਮਿਤੀ 2 ਨਵੰਬਰ 2018 ਨੂੰ **ਡਾ. ਚੰਦਨਾ ਭੱਟਾਚਾਰਿਆ,** ਵਿਗਿਆਨੀ ਵੀ.ਈ.ਸੀ.ਸੀ. ਕਲਕੱਤਾ ਦਾ **ਨਿਊਕਲੀਅਰ ਰਿਐਕਸ਼ਨ** ਵਿਸ਼ੇ 'ਤੇ ਤਕਨੀਕੀ **ਲੈਕਚਰ** ਕਰਵਾਇਆ ਗਿਆ। ਮਿਤੀ 19 ਨਵੰਬਰ 2018 ਨੂੰ **ਡਾ. ਤਾਰਿਕਾ,** ਸਾਬਕਾ ਅਸਿਸਟੈਂਟ ਪ੍ਰੋਫੈਸਰ, ਯੂਨੀਵਰਸਿਟੀ ਆਫ਼ ਕੇਰਲਾ ਦਾ **ਇਲੈਕਟ੍ਰਾਨਿਕਸ** ਵਿਸ਼ੇ 'ਤੇ **ਲੈਕਚਰ** ਕਰਵਾਇਆ ਗਿਆ।

**ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ** ਦੁਆਰਾ ਮਿਤੀ 21 ਫਰਵਰੀ 2019 ਨੂੰ ਅੰਤਰਰਾਸ਼ਟਰੀ ਮਾਂ ਬੋਲੀ ਦਿਵਸ 'ਤੇ **ਸਾਡੀ ਬੋਲੀ ਸਾਡਾ ਮਾਣ** ਵਿਸ਼ੇ 'ਤੇ ਪ੍ਰੋਗਰਾਮ ਆਯੋਜਿਤ ਕੀਤਾ ਗਿਆ ਜਿਸ ਵਿੱਚ

**ਡਾ. ਸੁਰਜੀਤ ਸਿੰਘ ਭੱਟੀ** ਸਾਬਕਾ ਪ੍ਰਿੰਸੀਪਲ ਯੂਨੀਵਰਸਿਟੀ ਕਾਲਜ ਘਨੌਰ ਨੇ **ਮਾਂ ਬੋਲੀ ਦੀ ਮਹੱਤਤਾ** ਵਿਸ਼ੇ ’ਤੇ **ਲੈਕਚਰ** ਕਰਵਾਇਆ ਗਿਆ।

**ਪੋਸਟ ਗ੍ਰੈਜੂਏਟ ਅੰਗ੍ਰਜ਼ੀ ਵਿਭਾਗ** ਦੁਆਰਾ ਮਿਤੀ 22 ਫਰਵਰੀ 2019 ਨੂੰ **ਡਾ. ਗੁਰਉਪਦੇਸ਼ ਸਿੰਘ** ਦਾ **Discourse and Literature** ਵਿਸ਼ੇ ’ਤੇ **ਲੈਕਚਰ** ਕਰਵਾਇਆ ਗਿਆ।

**ਪੋਸਟ ਗ੍ਰੈਜੂਏਟ ਡਿਪਾਰਟਮੈਂਟ ਆਫ਼ ਫੈਸ਼ਨ ਡਿਜ਼ਾਇਨਿੰਗ ਐਂਡ ਹੋਮ ਸਾਇੰਸ ਵਿਭਾਗ** ਵੱਲੋਂ ਮਿਤੀ 29 ਅਗਸਤ 2018 ਨੂੰ **ਪ੍ਰੋ. ਹਰਜਿੰਦਰ ਕੌਰ**, ਮੁਖੀ ਪੀ.ਜੀ. ਵਿਭਾਗ ਫ਼ੈਸ਼ਨ ਡਿਜ਼ਾਇਨਿੰਗ ਅਤੇ ਹੋਮ ਸਾਇੰਸ, (LBS, Arya Mohilla College Barnala) ਦਾ **Drafting, Pattern Making and Construction Techniques** ਵਿਸ਼ੇ ’ਤੇ **Extension Lecture** ਕਰਵਾਇਆ ਗਿਆ।

### 19.2 ਕਾਲਜ ਦੇ ਅਧਿਆਪਕਾਂ ਦੁਆਰਾ ਬਾਹਰਲੀਆਂ ਸੰਸਥਾਵਾਂ ਵਿੱਚ ਦਿੱਤੇ ਗਏ ਲੈਕਚਰ:

ਪ੍ਰੋ. ਜਸਪ੍ਰੀਤ ਕੌਰ ਨੇ ਮਿਤੀ 5 ਨਵੰਬਰ 2018 ਨੂੰ ਗੁਰੂ ਹਰਗੋਬਿੰਦ ਸਿੰਘ ਖ਼ਾਲਸਾ ਗਰਲਜ਼ ਕਾਲਜ, ਕਰਹਾਲੀ ਸਾਹਿਬ ਵਿਖੇ ਅੰਗਰੇਜ਼ੀ ਸਾਹਿਤ ਦੀਆਂ ਵਿਦਿਆਰਥਣਾਂ ਨੂੰ **Literature and Society** ਵਿਸ਼ੇ ’ਤੇ ਬਤੌਰ ਵਿਸ਼ਾ ਮਾਹਿਰ ਵਿਸ਼ੇਸ਼ ਲੈਕਚਰ ਦਿੱਤਾ।

ਡਾ. ਹਿਨਾ ਨੇ ਕੰਨਿਆ ਮਹਾਂਵਿਦਿਆਲਿਆ ਜਲੰਧਰ ਵਿਖੇ ਮਿਤੀ 05 ਨਵੰਬਰ 2018 ਨੂੰ **Periodic Table- The Basis of Inorganic Chemistry** ਅਤੇ ਮਿਤੀ 17 ਨਵੰਬਰ 2018 ਨੂੰ **Group Theory and Applications** ਵਿਸ਼ਿਆਂ ’ਤੇ ਬਤੌਰ ਵਿਸ਼ਾ ਮਾਹਿਰ ਲੈਕਚਰ ਦਿੱਤੇ।

## 20. ਸੱਭਿਆਚਾਰਕ ਪ੍ਰਾਪਤੀਆਂ/ਸਰਗਰਮੀਆਂ:

### 20.1 ਇੰਟਰਨੈਸ਼ਨਲ ਸਾਊਥ ਫੈਸਟ:

ਮਿਤੀ 22 ਤੋਂ 26 ਫਰਵਰੀ 2019 ਨੂੰ ਰਾਇਪੁਰ ਛੱਤੀਸਗੜ੍ਹ ਵਿਖੇ ਹੋਏ **ਇੰਟਰਨੈਸ਼ਨਲ ਸਾਊਥ ਫੈਸਟ** ਵਿੱਚ ਕਾਲਜ ਦੇ ਵਿਦਿਆਰਥੀ **ਸਵਲੀਨ ਕੌਰ** ਨੇ **ਐਲਿਊਕੇਸ਼ਨ** ਅਤੇ **ਦਲਵੀਰ ਸਿੰਘ** ਤੇ **ਸਾਹਿਬ ਖ਼ਾਨ** ਨੇ **ਫੋਕ ਅਰਕੈਸਟਰਾ** ਵਿੱਚ **ਭਾਰਤ ਦੀ ਪ੍ਰਤੀਨਿਧਤਾ** (Indian Representation) ਕੀਤੀ।

### 20.2 ਨੈਸ਼ਨਲ ਯੂਥ ਫੈਸਟੀਵਲ:

ਮਿਤੀ 1-5 ਫਰਵਰੀ 2019 ਨੂੰ ਚੰਡੀਗੜ੍ਹ ਯੂਨੀਵਰਸਿਟੀ, ਘੜੂਆਂ ਵਿਖੇ ਹੋਏ **ਨੈਸ਼ਨਲ ਯੂਥ ਫੈਸਟੀਵਲ** ਵਿੱਚ ਕਾਲਜ ਦੇ ਵਿਦਿਆਰਥੀ **ਗਗਨਦੀਪ ਸਿੰਘ** ਅਤੇ **ਪਰਮਜੀਤ ਸਿੰਘ** ਨੇ **ਭੰਗੜੇ ਦੀ ਪੇਸ਼ਕਾਰੀ** ਵਿੱਚ ਭਾਗ ਲਿਆ ਜੋ **ਪਹਿਲੇ ਸਥਾਨ** ’ਤੇ ਰਹੀ।

## 20.3 ਨੋਰਥ ਜ਼ੋਨ ਅੰਤਰਵਰਸਿਟੀ ਯੂਥ ਫੈਸਟੀਵਲ:

ਮਿਤੀ 27-31 ਦਸੰਬਰ 2018 ਨੂੰ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਖੇ ਹੋਏ **ਨੋਰਥ ਜ਼ੋਨ ਅੰਤਰਵਰਸਿਟੀ ਯੂਥ ਫੈਸਟੀਵਲ** ਵਿੱਚ ਕਾਲਜ ਦੇ ਵਿਦਿਆਰਥੀ **ਗਗਨਦੀਪ ਸਿੰਘ** ਤੇ **ਪਰਮਜੀਤ ਸਿੰਘ** ਨੇ **ਭੰਗੜੇ** ਦੀ ਪੇਸ਼ਕਾਰੀ ਵਿੱਚ ਭਾਗ ਲਿਆ ਜੋ **ਪਹਿਲੇ ਸਥਾਨ** 'ਤੇ ਰਿਹਾ।

ਕਾਲਜ ਦੇ ਵਿਦਿਆਰਥੀ **ਰਵਨੀਤ ਕੌਰ, ਜਸਮੀਤ ਕੌਰ** ਅਤੇ **ਅਮਾਨਤ** ਨੇ **ਭਾਰਤੀ ਸਮੂਹ ਗੀਤ** ਤੇ **ਪੱਛਮੀ ਸਮੂਹ ਗੀਤ** ਦੀ ਪੇਸ਼ਕਾਰੀ ਵਿੱਚ ਭਾਗ ਲਿਆ ਜੋ **ਚੌਥੇ ਸਥਾਨ** 'ਤੇ ਰਹੀ।

ਕਾਲਜ ਦੇ ਵਿਦਿਆਰਥੀ **ਸ਼ੁਭਮ ਕੁੰਡਲ** ਅਤੇ **ਅਮਨਜੋਤ ਕੌਰ** ਨੇ **ਸਕਿੱਟ, ਮਾਈਮ, ਨਾਟਕ** ਤੇ **ਕੁਇਜ਼** ਦੀ **ਪੇਸ਼ਕਾਰੀ ਵਿੱਚ ਭਾਗ** ਲਿਆ।

## 20.4 ਅੰਤਰ-ਖੇਤਰੀ ਯੁਵਕ ਮੇਲਾ:

ਮਿਤੀ 30 ਅਕਤੂਬਰ ਤੋਂ 2 ਨਵੰਬਰ 2018 ਤੱਕ **ਅੰਤਰ ਖੇਤਰੀ ਯੁਵਕ ਮੇਲੇ** ਦੌਰਾਨ ਕਾਲਜ ਨੇ **ਗਰੁੱਪ ਸ਼ਬਦ, ਗੀਤ/ਗਜ਼ਲ, ਪੋਸਟਰ ਮੇਕਿੰਗ, ਭਾਰਤੀ ਸਮੂਹ ਗੀਤ, ਪੱਛਮੀ ਸੋਲੋ ਗਾਇਨ, ਪਰਾਂਦਾ, ਪੱਛਮੀ ਸਮੂਹ ਗੀਤ, ਗਿੱਧਾ, ਮਲਵਈ ਗਿੱਧਾ, ਲੋਕ ਸਾਜ਼, ਕੁਇਜ਼ ਅਤੇ ਲੁੱਡੀ (ਲੜਕੀਆਂ)** ਵਿੱਚ **ਪਹਿਲਾ ਸਥਾਨ ਹਾਸਲ ਕੀਤਾ। ਮਿਮਿਕਰੀ, ਨਾਲਾ ਬੁਣਨਾ, ਕਰੋਸ਼ੀਆ, ਰੱਸਾ ਵਟਾਈ, ਨੁੱਕੜ ਨਾਟਕ, ਲੁੱਡੀ (ਲੜਕੇ)** ਅਤੇ **ਸਕਿੱਟ** ਵਿੱਚ **ਦੂਜਾ ਸਥਾਨ** ਹਾਸਲ ਕੀਤਾ। **ਕਢਾਈ** ਤੇ **ਛਿੱਕੂ** ਵਿੱਚ **ਤੀਜਾ ਸਥਾਨ** ਹਾਸਲ ਕੀਤਾ। ਕਾਲਜ ਨੇ **ਮਿਊਜ਼ਿਕ, ਲੋਕ ਕਲਾਵਾਂ, ਲਿਟਰੇਰੀ ਆਈਟਮਜ਼** ਵਿੱਚ **ਓਵਰਆਲ ਟਰਾਫ਼ੀ** ਪ੍ਰਾਪਤ ਕੀਤੀ ਅਤੇ ਕਾਲਜ **ਓਵਰਆਲ ਚੈਂਪੀਅਨ** ਰਿਹਾ।

## 20.5 ਖੇਤਰੀ ਯੁਵਕ ਮੇਲਾ ਅਤੇ ਲੋਕ ਮੇਲਾ:

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ **ਖੇਤਰੀ ਯੁਵਕ ਮੇਲੇ** ਅਤੇ **ਲੋਕ ਮੇਲੇ** ਦੌਰਾਨ ਕਾਲਜ ਨੇ **ਰਵਾਇਤੀ ਲੋਕ ਗੀਤ, ਛਿੱਕੂ, ਕਰੋਸ਼ੀਆ, ਗੀਤ, ਗਜ਼ਲ, ਵੈਸਟਰਨ ਸੋਲੋ ਸਾਜ਼, ਵੈਸਟਰਨ ਸੋਲੋ ਗਾਇਣ, ਲਘੂ ਫਿਲਮ, ਪੋਸਟਰ ਮੇਕਿੰਗ, ਪਰਾਂਦਾ, ਨਾਲਾ ਬੁਣਨਾ, ਟੋਕਰੀ, ਲੋਕ ਸਾਜ਼, ਕਲੀ ਗਾਇਣ, ਪ੍ਰਕਸ਼ਨ, ਡੀਬੇਟ, ਭਾਰਤੀ ਸਮੂਹ ਗੀਤ, ਪੱਛਮੀ ਸਮੂਹ ਗੀਤ, ਫੋਕ ਆਰਕੈਸਟਰਾ, ਨਾਟਕ, ਲੁੱਡੀ (ਲੜਕੀਆਂ) ਲੁੱਡੀ (ਲੜਕੇ) ਸੰਮੀ, ਮਲਵਈ ਗਿੱਧਾ ਅਤੇ ਸਕਿੱਟ** ਵਿੱਚ ਪਹਿਲਾ ਸਥਾਨ ਹਾਸਿਲ ਕੀਤਾ।

ਕਾਲਜ ਨੇ **ਮਿਮਿਕਰੀ, ਗਰੁੱਪ ਸ਼ਬਦ, ਗੁੱਡੀਆਂ ਪਟੋਲੇ, ਇਸਟਾਲੇਸ਼ਨ, ਰੱਸਾ-ਕਸ਼ੀ, ਗਿੱਧਾ, ਕਢਾਈ, ਰੰਗੋਲੀ, ਰੱਸਾ ਵਟਾਈ, ਫੋਟੋਗ੍ਰਾਫ਼ੀ, ਕੁਇਜ਼, ਕਲਾਸੀਕਲ ਵੋਕਲ** ਅਤੇ **ਨੁੱਕੜ ਨਾਟਕ** ਵਿੱਚ **ਦੂਜਾ ਸਥਾਨ ਹਾਸਲ ਕੀਤਾ।**

**ਕਾਰਟੂਨਿੰਗ, ਝੂੰਮਰ, ਕਲਾਸੀਕਲ ਡਾਂਸ, ਨਾਲ-ਪ੍ਰਕਸ਼ਨ, ਭੰਡ, ਮਾਈਮ, ਕਵੀਸ਼ਰੀ, ਭੰਗੜਾ** ਵਿੱਚ **ਤੀਜਾ ਸਥਾਨ** ਹਾਸਲ ਕੀਤਾ।

ਕਾਲਜ ਨੇ **ਮਿਊਜ਼ਿਕ, ਫਾਈਨ ਆਰਟਸ, ਥੀਏਟਰ ਅਤੇ ਲੋਕ ਕਲਾਵਾਂ ਵਿੱਚ ਓਵਰਆਲ ਟਰਾਫ਼ੀ** ਪ੍ਰਾਪਤ ਕੀਤੀ।

ਕਾਲਜ ਮੇਲੇ ਦਾ **ਓਵਰ-ਆਲ ਚੈਂਪੀਅਨ** ਬਣਿਆ।

## 21. ਐੱਨ.ਸੀ.ਸੀ. ਆਰਮੀ ਅਤੇ ਏਅਰ ਵਿੰਗ:

### 21.1 ਐੱਨ.ਸੀ.ਸੀ. ਆਰਮੀ ਵਿੰਗ:

**ਲੈਫਟੀਨੈਂਟ ਡਾ. ਨਿਸ਼ਾਨ ਸਿੰਘ** ਦੀ ਸੁਯੋਗ ਅਗਵਾਈ ਅਧੀਨ ਚੱਲ ਰਹੇ ਐੱਨ.ਸੀ.ਸੀ. ਆਰਮੀ ਵਿੰਗ ਵਿੱਚ ਸੈਸ਼ਨ 2018-19 ਦੌਰਾਨ **55 ਕੈਡਿਟਸ ਭਰਤੀ** ਕੀਤੇ ਗਏ। ਇਨ੍ਹਾਂ ਕੈਡਿਟਸ ਵਿਚੋਂ ਕੈਡਿਟ **ਕੋਮਲ ਰਾਣੀ** ਨੇ ਮਿਤੀ 25.07.2018 ਤੋਂ 05.08.2018 ਤੱਕ **ਪੁਲਿਸ ਅਕੈਡਮੀ, ਹੈਦਰਾਬਾਦ** ਵਿੱਚ ਲੱਗੇ **ਐੱਨ.ਸੀ.ਸੀ. ਕੈਂਪ** ਵਿੱਚ ਭਾਗ ਲਿਆ ਅਤੇ **ਸਭਿਆਚਾਰਕ ਪ੍ਰੋਗਰਾਮ** ਵਿਚ **ਗੋਲਡ ਮੈਡਲ** ਪ੍ਰਾਪਤ ਕੀਤਾ। **8 ਕੈਡਿਟਸ ਨੇ** ਮਿਤੀ 28.07.2018 ਤੋ 06.08.2018 ਤੱਕ ਭਵਾਨੀਗੜ੍ਹ, ਸੰਗਰੂਰ ਵਿੱਚ ਲੱਗੇ **CATC ਕੈਂਪ** ਵਿਚ **ਭਾਗ ਲਿਆ** ਅਤੇ ਇਨ੍ਹਾਂ ਵਿਚੋਂ **3 ਕੈਡਿਟਸ** ਨੇ **ਫਾਇਰਿੰਗ ਮੁਕਾਬਲੇ** ਵਿਚ **ਪਹਿਲਾ ਸਥਾਨ** ਪ੍ਰਾਪਤ ਕੀਤਾ। **ਕੈਡਿਟ ਕੁਮਾਰੀ ਪੂਨਮ** ਨੇ ਮਿਤੀ 17.09.2018 ਤੋਂ 29.09.2018 ਤੱਕ ਦਿੱਲੀ ਵਿੱਚ ਲੱਗੇ **ਆਲ ਇੰਡੀਆ ਥਲ ਸੈਨਾ ਕੈਂਪ** ਵਿਚ **ਡਰਿਲ** ਵਿਚ **ਪਹਿਲਾ ਸਥਾਨ** ਹਾਸਲ ਕੀਤਾ।

**19 ਕੈਡਿਟਸ** ਨੇ ਮਿਤੀ 4.10.2018 ਤੋਂ 14.10.2018 ਨੂੰ 10 mech ਪਟਿਆਲਾ ਵਿਖੇ ਲੱਗੇ **ਆਰਮੀ ਅਟੈਚਮੈਂਟ ਕੈਂਪ** ਵਿੱਚ ਭਾਗ ਲਿਆ। **ਕੈਡਿਟ ਕੁਮਾਰੀ ਪੂਨਮ** ਨੇ ਮਿਤੀ 26.01.2019 ਦੀ **ਆਰ.ਡੀ.ਸੀ. ਪਰੇਡ** ਵਿੱਚ **ਭਾਗ** ਲਿਆ।

ਇਸ ਤੋਂ ਇਲਾਵਾ ਇਸ ਵਿੰਗ ਦੇ ਕੈਡਿਟਸ ਨੇ **ਖ਼ੂਨਦਾਨ ਕੈਂਪ, ਸਵੱਛ ਅਭਿਆਨ, ਸਾਈਕਲ ਰੈਲੀ, ਨਸ਼ਿਆਂ ਵਿਰੋਧੀ** ਅਤੇ **Tree Plantation** ਆਦਿ ਮੁਹਿੰਮਾਂ ਵਿੱਚ **ਭਾਗ** ਲਿਆ।

### 21.2 ਐੱਨ.ਸੀ.ਸੀ. ਏਅਰ ਵਿੰਗ:

ਇਸ ਸੈਸ਼ਨ ਦੌਰਾਨ ਕਾਲਜ ਦੇ **ਐੱਨ.ਸੀ.ਸੀ. ਅਫਸਰ ਪ੍ਰੋ. ਬਲਦੇਵ ਸਿੰਘ** ਦੀ ਸੁਯੋਗ ਅਗਵਾਈ ਅਧੀਨ ਐੱਨ.ਸੀ.ਸੀ. ਏਅਰ ਫੋਰਸ ਵਿੰਗ ਵਿੱਚ **51 ਕੈਡਿਟਸ ਭਰਤੀ** ਕੀਤੇ ਗਏ। ਜਿਨ੍ਹਾਂ ਵਿਚੋਂ **39 ਕੈਡਿਟਸ** ਨੇ ਪ੍ਰਧਾਨ ਮੰਤਰੀ ਦਆਰਾ ਚਲਾਈ ਗਈ ਸਵੱਛ ਭਾਰਤ ਮੁਹਿੰਮ ਤਹਿਤ **ਸਵੱਛ ਭਾਰਤ ਇੰਟਰਨਸ਼ਿਪ** ਵਿੱਚ, **26 ਕੈਡਿਟਸ** ਨੇ ਪ੍ਰਧਾਨ ਮੰਤਰੀ ਦੁਆਰਾ ਚਲਾਈ ਗਈ ਮੁਹਿੰਮ ਵਾਤਾਵਰਣ ਸੁਰੱਖਿਆ ਤਹਿਤ **ਵਾਤਾਵਰਣ ਬਚਾਓ ਜੀਵਨ ਬਚਾਓ** ਰੈਲੀ ਵਿੱਚ, **28 ਕੈਡਿਟਸ ਨੇ**

3-ਪੰਜਾਬ ਏਅਰ ਸੁਕੈਡਰਨ ਐੱਨ.ਸੀ.ਸੀ. ਪਟਿਆਲਾ ਵੱਲੋਂ ਲਗਾਏ ਗਏ **ਏ.ਟੀ.ਸੀ. ਕੈਂਪ** ਵਿੱਚ, 04 ਕੈਡਿਟਸ ਨੇ **ਆਲ ਇੰਡੀਆ ਵਾਯੂ ਸੈਨਾ ਕੈਂਪ** ਵਿੱਚ ਅਤੇ **24 ਕੈਡਿਟਸ** ਨੇ 15 ਅਗਸਤ ਨੂੰ ਆਜ਼ਾਦੀ ਦਿਵਸ ਦੀ ਪਰੇਡ ਵਿੱਚ ਭਾਗ ਲਿਆ। ਇਸ ਪਰੇਡ ਵਿੱਚ ਕਾਲਜ ਦੇ ਹੋਣਹਾਰ **ਕੈਡਿਟ ਮਨੀਸ਼ ਕੁਮਾਰ** ਨੇ **ਪਰੇਡ ਕਮਾਂਡਰ** ਵਜੋਂ **ਅਗਵਾਈ** ਕੀਤੀ, ਜਿਸ ਵਿੱਚ **3 ਪੰਜਾਬ ਏਅਰ ਸੁਕੈਡਰਨ** ਦੇ **ਕੈਡਿਟਸ** ਨੇ **ਚੈਂਪੀਅਨ ਟਰਾਫ਼ੀ ਵੀ ਜਿੱਤੀ**। **16 ਕੈਡਿਟਸ** ਨੇ **26 ਜਨਵਰੀ** ਨੂੰ **ਗਣਤੰਤਰ ਦਿਵਸ ਪਰੇਡ** ਵਿੱਚ ਭਾਗ ਲਿਆ। ਇਸ ਪਰੇਡ ਵਿੱਚ ਕਾਲਜ ਦੇ ਹੋਣਹਾਰ **ਕੈਡਿਟ ਪਰਮਪ੍ਰੀਤ ਸਿੰਘ** ਨੇ **ਪਰੇਡ ਕਮਾਂਡਰ** ਵਜੋਂ **ਪਰੇਡ ਦੀ ਅਗਵਾਈ** ਕੀਤੀ ਜਿਸ ਵਿੱਚ **ਏਅਰ ਵਿੰਗ ਕੈਡਿਟਸ** ਨੇ **ਚੈਂਪੀਅਨ ਟਰਾਫ਼ੀ** ਜਿੱਤੀ।

ਕਾਲਜ ਦੇ ਹੋਣਹਾਰ **ਕੈਡਿਟ ਪਰਮਪ੍ਰੀਤ ਸਿੰਘ** ਨੇ **ਆਲ ਇੰਡੀਆ ਵਾਯੂ ਸੈਨਾ ਕੈਂਪ** ਦੌਰਾਨ **ਵਾਇਰਸ ਜਹਾਜ਼** ਚਲਾ ਕੇ **ਆਲ ਇੰਡੀਆ ਬੈਸਟ ਪਾਇਲਟ ਕੰਪੀਟੀਸ਼ਨ** ਵਿੱਚ **ਸਿਲਵਰ ਮੈਡਲ ਜਿੱਤਿਆ।** ਇਸ ਹੋਣਹਾਰ ਕੈਡਿਟਸ ਨੇ **ਪ੍ਰੀ-ਵਾਯੂ ਸੈਨਾ ਕੈਂਪ** ਦੌਰਾਨ **12 ਬੋਰ ਰਾਇਫਲ** ਨਾਲ **ਸਕੀਫ ਸ਼ੂਟਿੰਗ ਕੰਪੀਟੀਸ਼ਨ** ਵਿੱਚ **ਬਰੌਂਜ ਮੈਡਲ** ਜਿੱਤਿਆ।

ਕਾਲਜ ਦੀ ਹੋਣਹਾਰ **ਕੈਡਿਟ ਤਰਿਪਤਾ ਰਾਣੀ** ਨੇ **ਆਲ ਇੰਡੀਆ ਵਾਯੂ ਸੈਨਾ ਕੈਂਪ** ਵਿੱਚ ਭਾਗ ਲਿਆ। ਕਾਲਜ ਦੇ ਹੋਣਹਾਰ **ਕੈਡਿਟ ਅਭਿਨੈ ਰਾਣਾ** ਨੇ ਏਅਰ ਫੋਰਸ ਅਕੈਡਮੀ, ਤੇਲੰਗਨਾ ਵਿਖੇ **ਇੰਡੀਅਨ ਏਅਰ ਫੋਰਸ ਨਾਲ ਅਟੈਚਮੈਂਟ ਕੈਂਪ** ਵਿੱਚ **ਟ੍ਰੇਨਿੰਗ** ਲਈ। ਇਸ ਤੋਂ ਇਲਾਵਾ ਇਸ ਵਿੰਗ ਦੇ ਕੈਡਿਟਸ ਨੇ **ਫਾਇਰਿੰਗ ਟ੍ਰੇਨਿੰਗ** ਅਤੇ **ਸਮਾਜਿਕ ਗਤੀਵਿਧੀਆਂ** ਜਿਵੇਂ **ਸਵੱਛ ਭਾਰਤ, ਪੋਲੀਓ ਕੈਂਪ** ਅਤੇ **ਟ੍ਰੈਫਿਕ ਕੰਟਰੋਲ** ਆਦਿ ਵਿੱਚ ਵੀ ਭਾਗ ਲਿਆ।

## 22. ਐੱਨ.ਐੱਸ.ਐੱਸ.

ਕਾਲਜ ਦੇ ਐੱਨ.ਐੱਸ.ਐੱਸ.ਅਫ਼ਸਰ **ਪ੍ਰੋ. ਸਪਨਾ, ਡਾ. ਜਗਤਾਰ ਸਿੰਘ** ਅਤੇ **ਪ੍ਰੋ. ਰਾਜਬਿੰਦਰ ਸਿੰਘ** ਦੀ ਸੁਚੱਜੀ ਦੇਖ-ਰੇਖ ਹੇਠ ਇਸ ਸੈਸ਼ਨ ਦੌਰਾਨ ਵਿਭਾਗ ਦੇ **10 ਵਲੰਟੀਅਰਾਂ** ਨੇ ਮਿਤੀ 15-21 ਜੂਨ 2018 ਨੂੰ ਸ੍ਰੀ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ ਅਨੰਦਪੁਰ ਸਾਹਿਬ ਵਿਖੇ **ਸੱਤ ਰੋਜ਼ਾ ਅੰਤਰ ਕਾਲਜ ਕੈਂਪ** ਵਿੱਚ ਭਾਗ ਲਿਆ।

ਮਿਤੀ 5 ਜੁਲਾਈ 2018 ਨੂੰ ਕਾਲਜ ਵਿਖੇ **ਨਸ਼ਾ ਵਿਰੋਧੀ ਦਿਵਸ** ਮਨਾਇਆ ਗਿਆ।

ਮਿਤੀ 28 ਜੁਲਾਈ 2018 ਨੂੰ ਕਾਲਜ ਦੇ **ਧਬਲਾਨ ਕੈਂਪਸ** ਵਿਖੇ **ਇੱਕ ਰੋਜ਼ਾ ਕੈਂਪ** ਲਗਾ ਕੇ ਉੱਥੇ ਤਰ੍ਹਾਂ-ਤਰ੍ਹਾਂ ਦੇ ਬੂਟੇ ਲਗਾਏ ਗਏ।

ਮਿਤੀ 14 ਅਗਸਤ 2018 ਨੂੰ ਵਿਭਾਗ ਵੱਲੋਂ ਸਲੱਮ ਸਕੂਲ ਐਸ.ਐਸ.ਟੀ. ਨਗਰ ਦੇ ਬੱਚਿਆਂ ਨਾਲ **ਅਜ਼ਾਦੀ ਦਿਹਾੜਾ** ਮਨਾਇਆ ਗਿਆ।

ਮਿਤੀ 01 ਸਤੰਬਰ 2018 ਨੂੰ **ਇੱਕ ਰੋਜ਼ਾ ਕੈਂਪ** ਦੌਰਾਨ ਕਾਲਜ ਕੈਂਪਸ ਦੀ ਸਫ਼ਾਈ ਕੀਤੀ ਗਈ।

ਮਿਤੀ 17 ਅਕਤੂਬਰ 2018 ਨੂੰ ਵਿਭਾਗ ਵੱਲੋਂ **ਵਾਤਾਵਰਣ ਚੇਤਨਾ ਰੈਲੀ** ਕੱਢੀ ਗਈ।

ਮਿਤੀ 31 ਅਕਤੂਬਰ 2018 ਨੂੰ **ਰਾਸ਼ਟਰੀ ਏਕਤਾ ਦਿਵਸ** ਮਨਾਇਆ ਗਿਆ।

ਮਿਤੀ 16-22 ਨਵੰਬਰ 2018 ਤੱਕ ਸੱਤ ਵਲੰਟੀਅਰਾਂ ਵੱਲੋਂ ਪਬਲਿਕ ਕਾਲਜ ਸਮਾਣਾ ਵਿਖੇ **ਅੰਤਰ ਕਾਲਜ ਕੈਂਪ** ਲਗਾਇਆ ਗਿਆ।

ਮਿਤੀ 5-11 ਜਨਵਰੀ 2019 ਨੂੰ ਕਾਲਜ ਵਿਖੇ **ਵਿਸ਼ੇਸ਼ ਕੈਂਪ** ਲਗਾਇਆ ਗਿਆ ਜਿਸ ਦਾ ਉਦਘਾਟਨ **ਸ. ਸੁਰਜੀਤ ਸਿੰਘ ਰੱਖੜਾ** ਵੱਲੋਂ ਕੀਤਾ ਗਿਆ। ਇਸ ਕੈਂਪ ਦੇ ਸਮਾਪਨ ਸਮਾਰੋਹ ਦੌਰਾਨ **ਡਾ. ਪਰਮਵੀਰ ਸਿੰਘ,** ਕੋਆਰਡੀਨੇਟਰ, ਐੱਨ.ਐੱਸ.ਐੱਸ. ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਸ਼ਿਰਕਤ ਕੀਤੀ।

ਵਿਭਾਗ ਦੇ ਵਲੰਟੀਅਰ **ਭਰਪੂਰ ਸਿੰਘ** ਨੇ 1-31 ਜਨਵਰੀ 2019 ਤੱਕ ਨਵੀਂ ਦਿੱਲੀ ਵਿਖੇ **Republic Day Parade Camp** ਲਗਾਇਆ ਅਤੇ ਉਸ ਨੂੰ 26 ਜਨਵਰੀ 2019 ਨੂੰ **Republic Day Parade** ਵਿੱਚ ਹਿੱਸਾ ਲੈਣ ਦਾ ਮਾਣ ਪ੍ਰਾਪਤ ਹੋਇਆ।

ਮਿਤੀ 25 ਜਨਵਰੀ 2019 ਨੂੰ **ਰਾਸ਼ਟਰੀ ਵੋਟਰ ਦਿਵਸ** ਮਨਾਇਆ ਗਿਆ ਜਿਸ ਦੌਰਾਨ ਵਿਦਿਆਰਥੀਆਂ ਦੇ **ਪੋਸਟਰ ਮੇਕਿੰਗ ਮੁਕਾਬਲੇ** ਅਤੇ **ਭਾਸ਼ਣ ਕਲਾ ਮੁਕਾਬਲੇ** ਕਰਵਾਏ ਗਏ।

ਮਿਤੀ 2 ਮਾਰਚ 2019 ਨੂੰ ਕਾਲਜ ਕੈਂਪਸ ਦੀ ਸਜਾਵਟ ਵਾਸਤੇ **ਇੱਕ ਰੋਜ਼ਾ ਕੈਂਪ** ਦਾ ਆਯੋਜਨ ਕੀਤਾ ਗਿਆ।

ਇਸ ਤੋਂ ਇਲਾਵਾ ਵਿਭਾਗ ਦੇ ਦੋ ਵਲੰਟੀਅਰ **ਮਨਦੀਪ ਕੁਮਾਰ** ਅਤੇ **ਭਰਪੂਰ ਸਿੰਘ** ਨੂੰ **Jamia Millia Islamia** ਵਿਖੇ **National Integration Camp** ਲਗਾਉਣ ਦਾ ਮਾਣ ਪ੍ਰਾਪਤ ਹੋਇਆ।

## 23. ਕਾਲਜ ਵੱਲੋਂ ਮਨਾਏ ਗਏ ਖ਼ਾਸ ਦਿਵਸ:

### 23.1 ਸਲਾਨਾ ਇਨਾਮ ਵੰਡ ਸਮਾਰੋਹ:

ਮਿਤੀ 3 ਮਈ 2018 ਨੂੰ ਕਾਲਜ ਵਲੋਂ **ਸਲਾਨਾ ਇਨਾਮ ਵੰਡ ਸਮਾਰੋਹ** ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਲੌਂਗੋਵਾਲ ਨੇ **115 ਵਿਦਿਆਰਥੀਆਂ ਨੂੰ ਰੋਲ ਆਫ਼ ਆਨਰ, 328 ਵਿਦਿਆਰਥੀਆਂ ਨੂੰ ਕਾਲਜ ਕਲਰ ਅਤੇ 24 ਵਿਦਿਆਰਥੀਆਂ ਨੂੰ ਵਿਸ਼ੇਸ਼ ਇਨਾਮਾਂ ਨਾਲ ਸਨਮਾਨਿਤ** ਕੀਤਾ। ਇਸ ਮੌਕੇ ਕਾਲਜ ਦੀਆਂ ਵੱਖ-ਵੱਖ

ਖੇਤਰਾਂ ਵਿਚ ਬੇਹਤਰੀਨ ਕਾਰਗੁਜ਼ਾਰੀ ਕਰਨ ਵਾਲੀਆਂ **ਪੰਜ ਵਿਦਿਆਰਥਣਾਂ** ਨੂੰ ਵੀ **ਵਿਸ਼ੇਸ਼ ਇਨਾਮਾਂ** ਨਾਲ ਸਨਮਾਨਿਤ ਕੀਤਾ।

### 23.2 ਵਿਸ਼ਵ ਸੰਗੀਤ ਦਿਵਸ:

ਮਿਤੀ 21 ਜੂਨ 2018 ਨੂੰ ਕਾਲਜ ਦੇ ਸੰਗੀਤ ਵਿਭਾਗ ਵੱਲੋਂ **ਵਿਸ਼ਵ ਸੰਗੀਤ ਦਿਵਸ** ਮਨਾਇਆ ਗਿਆ ਜਿਸ ਮੌਕੇ ਕਾਲਜ ਵੱਲੋਂ **ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ** ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ **ਦੋ ਸ਼ਬਦ ਰਿਲੀਜ਼** ਕੀਤੇ।

### 23.3 ਭਗਤ ਕਬੀਰ ਜੀ ਦਾ ਜਨਮ ਦਿਹਾੜਾ:

ਮਿਤੀ 28 ਜੂਨ 2018 ਨੂੰ ਕਾਲਜ ਵੱਲੋਂ **ਭਗਤ ਕਬੀਰ ਜੀ** ਦਾ ਜਨਮ ਦਿਹਾੜਾ ਮਨਾਇਆ ਗਿਆ ਅਤੇ ਇਸ ਮੌਕੇ ਕਾਲਜ ਦੇ ਧਰਮ ਅਧਿਅਨ ਵਿਭਾਗ ਦੇ ਮੁਖੀ **ਡਾ. ਗੁਰਵੀਰ ਸਿੰਘ** ਨੇ, 'ਵਰਤਮਾਨ ਸਮਾਜ ਵਿਚ ਵੱਧ ਰਹੀ ਅਸਹਿਣਸ਼ੀਲਤਾ ਨੂੰ ਰੋਕਣ ਲਈ ਭਗਤ ਕਬੀਰ ਜੀ ਦੀ ਬਾਣੀ ਦਾ ਅਹਿਮ ਰੋਲ' ਵਿਸ਼ੇ 'ਤੇ ਲੈਕਚਰ ਦਿੱਤਾ।

### 23.4 ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਪੁਰਬ:

ਮਿਤੀ 29 ਜੂਨ 2018 ਨੂੰ **ਮੀਰੀ ਪੀਰੀ ਦੇ ਮਾਲਕ ਗੁਰੂ ਹਰਗੋਬਿੰਦ ਸਾਹਿਬ ਜੀ** ਦਾ **ਪ੍ਰਕਾਸ਼ ਪੁਰਬ** ਮਨਾਇਆ ਗਿਆ। ਇਸ ਮੌਕੇ ਪੰਜਾਬੀ ਵਿਭਾਗ ਦੇ **ਡਾ. ਦਵਿੰਦਰ ਸਿੰਘ** ਅਤੇ ਧਰਮ ਅਧਿਅਨ ਵਿਭਾਗ ਦੇ **ਡਾ. ਗੁਰਵੀਰ ਸਿੰਘ** ਦੇ **ਵਿਸ਼ੇਸ਼ ਲੈਕਚਰਾਂ** ਦਾ ਆਯੋਜਨ ਕੀਤਾ ਗਿਆ।

### 23.5 ਨਸ਼ਾ ਵਿਰੋਧੀ ਦਿਵਸ:

ਮਿਤੀ 5 ਜੁਲਾਈ 2018 ਨੂੰ ਕਾਲਜ ਦੇ ਐਨ.ਐਸ.ਐਸ. ਵਿਭਾਗ ਵੱਲੋਂ ਨਸ਼ਾ ਵਿਰੋਧੀ ਦਿਵਸ ਮਨਾਇਆ ਗਿਆ। ਇਸ ਮੌਕੇ ਆਈ.ਆਈ.ਟੀ. ਹੈਦਰਾਬਾਦ ਦੇ **ਸ.ਸੁਪ੍ਰੀਤ ਸਿੰਘ** ਨੇ ਵਿਦਿਆਰਥੀਆਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ।

### 23.6 ਕਾਲਜ ਸਥਾਪਨਾ ਦਿਵਸ:

ਮਿਤੀ 18 ਜੁਲਾਈ 2018 ਨੂੰ ਕਾਲਜ ਵੱਲੋਂ ਆਪਣਾ 59ਵਾਂ ਸਥਾਪਨਾ ਦਿਵਸ ਮਨਾਇਆ ਗਿਆ। ਇਸ ਮੌਕੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਗੁਰੂ ਗੋਬਿੰਦ ਸਿੰਘ ਧਰਮ ਅਧਿਅਨ ਵਿਭਾਗ ਦੇ ਪ੍ਰੋਫੈਸਰ ਅਤੇ ਮੁਖੀ **ਡਾ. ਗੁਰਮੀਤ ਸਿੰਘ ਸਿੱਧੂ** ਨੇ ਵਿਦਿਆਰਥੀਆਂ ਨਾਲ, **ਗੁਰਮਤਿ ਸਿਧਾਂਤਾਂ ਦੇ ਪਰਿਪੇਖ ਤੋਂ ਵਿਦਿਆ ਦਾ ਸੰਕਲਪ** ਵਿਸ਼ੇ 'ਤੇ ਵਿਚਾਰ ਸਾਂਝੇ ਕੀਤੇ।

### 23.7 ਅੰਤਰਰਾਸ਼ਟਰੀ ਯੋਗਾ ਕੈਂਪ:

ਮਿਤੀ 21 ਜੂਨ 2018 ਨੂੰ ਭਾਰਤ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਕਾਲਜ ਦੇ ਐੱਨ.ਸੀ.ਸੀ. ਆਰਮੀ ਵਿੰਗ ਵੱਲੋਂ ਪਟਿਆਲਾ ਜ਼ਿਲ੍ਹੇ ਦੇ ਸਕੂਲਾਂ ਅਤੇ ਕਾਲਜਾਂ ਦਾ ਜ਼ਿਲ੍ਹਾ ਪੱਧਰੀ ਯੋਗਾ ਕੈਂਪ ਸਥਾਨਕ ਕਾਲਜ ਵਿਖੇ ਲਗਾਇਆ ਗਿਆ। ਇਸ ਕੈਂਪ ਵਿੱਚ ਵੱਖ-ਵੱਖ ਸਕੂਲਾਂ ਅਤੇ ਕਾਲਜਾਂ ਦੇ 426 ਕੈਡਿਟਸ ਨੇ ਭਾਗ ਲਿਆ ਜਿਨ੍ਹਾਂ ਵਿੱਚ 25 ਕੈਡਿਟਸ ਸਥਾਨਕ ਕਾਲਜ ਦੇ ਸਨ।

**23.8 ਗੋ ਗਰੀਨ ਅਭਿਆਨ:**

ਮਿਤੀ 3 ਅਗਸਤ 2018 ਨੂੰ **ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੋ ਗਰੀਨ ਅਭਿਆਨ ਮਨਾਇਆ** ਗਿਆ। ਇਸ ਮੌਕੇ ਵਿਦਿਆਰਥੀਆਂ ਵੱਲੋਂ ਫਜ਼ੂਲ ਸਮਾਨ ਨੂੰ ਸਜਾ ਕੇ ਉਸ ਵਿੱਚ ਪੌਦੇ ਲਗਾਏ ਗਏ।

**23.9 ਤੀਆਂ ਤੀਜ ਦੀਆਂ:**

ਮਿਤੀ 10 ਅਗਸਤ 2018 ਨੂੰ ਕਾਲਜ ਵੱਲੋਂ **ਤੀਆਂ ਤੀਜ ਦੀਆਂ ਤਿਉਹਾਰ ਮਨਾਇਆ** ਗਿਆ ਅਤੇ ਵਿਦਿਆਰਥੀਆਂ ਦੇ ਕਈ ਤਰ੍ਹਾਂ ਦੇ ਮੁਕਾਬਲੇ ਕਰਵਾਏ ਗਏ।

**23.10 ਅਜ਼ਾਦੀ ਦਿਵਸ:**

ਮਿਤੀ 14 ਅਗਸਤ 2018 ਨੂੰ ਕਾਲਜ ਦੀਆਂ ਵੱਖ-ਵੱਖ ਫੈਕਲਟੀਆਂ ਅਤੇ ਐਨ.ਐਸ.ਐਸ. ਵਿਭਾਗ ਵੱਲੋਂ **ਅਜ਼ਾਦੀ ਦਿਵਸ ਮਨਾਇਆ** ਗਿਆ ਅਤੇ ਵਿਦਿਆਰਥੀਆਂ ਦੇ ਇਸ ਨਾਲ ਸਬੰਧਿਤ ਕਈ ਤਰ੍ਹਾਂ ਦੇ ਮੁਕਾਬਲੇ ਕਰਵਾਏ ਗਏ।

**23.11 ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ ਸਮਾਗਮ ਦਾ ਆਯੋਜਨ:**

ਕਾਲਜ ਦੇ ਸਕੂਲ ਆਫ਼ ਕਾਮਰਸ ਐਂਡ ਮੈਨੇਜਮੈਂਟ ਦੇ ਡਿਵਨਿਟੀ ਕਲੱਬ ਵੱਲੋਂ **ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ ਸਮਾਗਮ ਦਾ ਆਯੋਜਨ** ਕੀਤਾ ਗਿਆ। ਇਸ ਮੌਕੇ ਵਿਦਿਆਰਥੀਆਂ ਵੱਲੋਂ ਕਾਲਜ ਕੈਂਪਸ ਦੀ ਸਫ਼ਾਈ ਕੀਤੀ ਗਈ ਅਤੇ ਜਾਪੁਜੀ ਸਾਹਿਬ ਜੀ ਦੇ ਪਾਠ ਦੇ ਭੋਗ ਉਪਰੰਤ ਲੰਗਰ ਵਰਤਾਏ ਗਏ।

**23.12 ਰਾਸ਼ਟਰੀ ਖੇਡ ਦਿਵਸ:**

ਮਿਤੀ 29 ਅਗਸਤ 2018 ਨੂੰ ਹਾਕੀ ਦੇ ਨਾਮਵਰ ਖਿਡਾਰੀ **ਮੇਜਰ ਧਿਆਨ ਚੰਦ ਜੀ ਦੇ ਜਨਮ ਦਿਵਸ ਨੂੰ ਸਮਰਪਿਤ ਰਾਸ਼ਟਰੀ ਖੇਡ ਦਿਵਸ** ਮਨਾਇਆ ਗਿਆ।

**23.13 ਬੱਡੀ ਗਰੁੱਪ ਦੀ ਸਥਾਪਨਾ:**

ਮਿਤੀ 30 ਅਗਸਤ 2018 ਨੂੰ ਕਾਲਜ ਵੱਲੋਂ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ **'ਨਸ਼ਿਆਂ ਖ਼ਿਲਾਫ'** ਚਲਾਈ ਗਈ ਮੁਹਿੰਮ ਤਹਿਤ **ਬੱਡੀ ਗਰੁੱਪ** ਦੀ ਸਥਾਪਨਾ ਕੀਤੀ ਗਈ।

**23.14 ਅਧਿਆਪਕ ਦਿਵਸ:**

ਮਿਤੀ 6 ਸਤੰਬਰ 2018 ਨੂੰ ਕਾਲਜ ਦੇ ਵੱਖ-ਵੱਖ ਵਿਭਾਗਾਂ ਵੱਲੋਂ **ਅਧਿਆਪਕ ਦਿਵਸ ਮਨਾਇਆ** ਗਿਆ। ਇਸ ਮੌਕੇ ਵੱਖ-ਵੱਖ ਵਿਭਾਗਾਂ ਵੱਲੋਂ ਕਈ ਗਤੀਵਿਧੀਆਂ ਅਤੇ ਮੁਕਾਬਲੇ ਕਰਵਾਏ ਗਏ।

**23.15 ਹਿੰਦੀ ਭਾਸ਼ਾ ਦਿਵਸ:**

ਮਿਤੀ 13 ਸਤੰਬਰ 2018 ਨੂੰ ਕਾਲਜ ਦੇ ਹਿੰਦੀ ਅਤੇ ਹੋਰ ਭਾਸ਼ਾਵਾਂ ਵਿਭਾਗ ਵੱਲੋਂ **ਹਿੰਦੀ ਭਾਸ਼ਾ ਦਿਵਸ** ਮਨਾਇਆ ਗਿਆ ਅਤੇ ਇਸ ਮੌਕੇ ਵਿਦਿਆਰਥੀਆਂ ਦੇ ਹਿੰਦੀ ਭਾਸ਼ਾ ਦਾ ਮਹੱਤਵ ਵਿਸ਼ੇ 'ਤੇ ਲੇਖ ਲਿਖਣ ਮੁਕਾਬਲੇ ਕਰਵਾਏ ਗਏ।

**23.16 ਭਾਈ ਘਨ੍ਹੱਈਆ ਜੀ ਦੀ 300ਵੀਂ ਬਰਸੀ:**

ਮਿਤੀ 21 ਸਤੰਬਰ 2018 ਨੂੰ ਕਾਲਜ ਦੇ ਵੱਖ-ਵੱਖ ਵਿਭਾਗਾਂ ਵੱਲੋਂ **ਭਾਈ ਘਨ੍ਹੱਈਆ ਜੀ ਦੀ 300ਵੀਂ ਬਰਸੀ ਨੂੰ ਸਮਰਪਿਤ ਵਿਭਿੰਨ ਪ੍ਰਕਾਰ ਦੇ ਪ੍ਰੋਗਰਾਮ, ਗਤੀਵਿਧੀਆਂ ਦਾ ਆਯੋਜਨ** ਕੀਤਾ ਗਿਆ।

**23.17 ਵੋਟਰ ਰਜਿਸਟ੍ਰੇਸ਼ਨ ਕੈਂਪ:**

ਮਿਤੀ 15 ਅਕਤੂਬਰ 2018 ਨੂੰ ਜ਼ਿਲ੍ਹਾ ਚੋਣ ਦਫਤਰ ਪਟਿਆਲਾ ਦੇ ਸਹਿਯੋਗ ਨਾਲ ਨਵੀਆਂ ਵੋਟਾਂ ਬਣਾਉਣ ਸਬੰਧੀ **ਵੋਟਰ ਰਜਿਸਟ੍ਰੇਸ਼ਨ ਕੈਂਪ ਦਾ ਆਯੋਜਨ** ਕੀਤਾ ਗਿਆ।

**23.18 ਵਾਤਾਵਰਨ ਚੇਤਨਾ ਰੈਲੀ:**

ਮਿਤੀ 17 ਅਕਤੂਬਰ 2018 ਨੂੰ ਕਾਲਜ ਦੇ ਐਨ.ਐਸ.ਐਸ. ਵਿਭਾਗ ਵੱਲੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਦਿਸ਼ਾ-ਨਿਰਦੇਸ਼ਾਂ ਤਹਿਤ **ਚੇਤਨਾ ਰੈਲੀ ਕੱਢੀ** ਗਈ। ਇਹ ਰੈਲੀ ਰੱਖੜਾ ਪਿੰਡ ਤੋਂ ਸ਼ੁਰੂ ਹੋ ਕੇ ਪਿੰਡ ਧਬਲਾਨ, ਜਾਹਲਾ, ਰਣਬੀਰਪਰਾ ਹੁੰਦੀ ਹੋਈ ਪਸਿਆਣਾ ਪਿੰਡ ਵਿਖੇ ਪਹੁੰਚੀ ਅਤੇ ਇਸ ਵਿਚ ਕਾਲਜ ਦੇ ਸਟਾਫ ਤੋਂ ਇਲਾਵਾ ਸੌ ਵਲੰਟੀਅਰਾਂ ਨੇ ਭਾਗ ਲਿਆ।

**23.19 ਦੀਵਾਲੀ ਦਾ ਤਿਉਹਾਰ:**

ਮਿਤੀ 29 ਅਕਤੂਬਰ 2018 ਨੂੰ ਕਾਲਜ ਵੱਲੋਂ **ਵਿਸ਼ਵ ਸ਼ਾਂਤੀ ਦਿਵਸ ਨੂੰ ਸਮਰਪਿਤ ਦੀਵਾਲੀ ਦਾ ਤਿਉਹਾਰ ਮਨਾਇਆ** ਗਿਆ।

**23.20 ਵਿਜੀਲੈਂਸ ਦਿਵਸ:**

ਮਿਤੀ 31 ਅਕਤੂਬਰ 2018 ਨੂੰ ਕਾਲਜ ਦੇ ਯੂਥ ਕਲੱਬ ਅਤੇ ਰੈੱਡ ਕਰਾਸ ਸੁਸਾਇਟੀ ਵੱਲੋਂ **ਵਿਜੀਲੈਂਸ ਦਿਵਸ ਮਨਾਇਆ** ਗਿਆ। ਇਸ ਮੌਕੇ ਵਿਜੀਲੈਂਸ ਬਿਊਰੋ ਪਟਿਆਲਾ ਦੇ ਸਹਿਯੋਗ ਨਾਲ ਭ੍ਰਿਸ਼ਟਾਚਾਰ ਮਿਟਾਓ, ਨਵਾਂ ਭਾਰਤ ਬਣਾਓ ਵਿਸ਼ੇ 'ਤੇ ਸੈਮੀਨਾਰ ਦਾ ਆਯੋਜਨ ਕੀਤਾ ਗਿਆ।

**23.21 ਰਾਸ਼ਟਰੀ ਏਕਤਾ ਦਿਵਸ:**

ਮਿਤੀ 31ਅਕਤੂਬਰ 2018 ਨੂੰ ਕਾਲਜ ਦੇ ਐਨ.ਐਸ.ਐਸ. ਵਿਭਾਗ ਵੱਲੋਂ **ਸਰਦਾਰ ਵੱਲਭ ਭਾਈ ਪਟੇਲ** ਜੀ ਦੇ ਜਨਮ ਦਿਨ ਨੂੰ **ਰਾਸ਼ਟਰੀ ਏਕਤਾ ਦਿਵਸ ਵਜੋਂ ਮਨਾਇਆ** ਗਿਆ। ਇਸ ਮੌਕੇ ਵਿਦਿਆਰਥੀਆਂ ਦੀ ਰਨ ਫਾਰ ਯੂਨਿਟੀ, ਸਲੋਗਨ ਮੁਕਾਬਲੇ ਅਤੇ ਲੈਕਚਰ ਕਰਵਾਇਆ ਗਿਆ।

**23.22 ਕੌਮੀ ਮਤਦਾਤਾ ਦਿਵਸ:**

ਮਿਤੀ 25 ਜਨਵਰੀ 2019 ਨੂੰ ਕਾਲਜ ਦੇ ਐਨ.ਐਸ.ਐਸ. ਵਿਭਾਗ ਵੱਲੋਂ ਚੋਣ ਕਮਿਸ਼ਨ, ਭਾਰਤ ਸਰਕਾਰ ਅਤੇ ਜ਼ਿਲ੍ਹਾ ਚੋਣ ਅਫਸਰ ਪਟਿਆਲਾ ਵੱਲੋਂ ਪ੍ਰਾਪਤ ਦਿਸ਼ਾ ਨਿਰਦੇਸ਼ਾਂ ਤਹਿਤ ਕੌਮੀ ਮਤਦਾਤਾ ਦਿਵਸ ਮਨਾਇਆ ਗਿਆ।

**23.23 ਅਰਦਾਸ ਦਿਵਸ:**

ਮਿਤੀ 17 ਫਰਵਰੀ 2019 ਨੂੰ ਕਾਲਜ ਦੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਅਤੇ ਗੁਰਮਤਿ ਸੁਸਾਇਟੀ ਵੱਲੋਂ ਅਰਦਾਸ ਦਿਵਸ ਮਨਾਇਆ ਗਿਆ। ਇਸ ਮੌਕੇ **ਇਲਾਹੀ ਬਾਣੀ ਦੇ ਕੀਰਤਨ ਕੀਤੇ** ਗਏ ਅਤੇ **ਅਰਦਾਸ ਉਪਰੰਤ ਅਤੁੱਟ ਲੰਗਰ ਵਰਤਾਏ** ਗਏ।

**23.24 ਅੰਤਰਰਾਸ਼ਟਰੀ ਮਾਂ ਬੋਲੀ ਦਿਵਸ:**

ਮਿਤੀ 21 ਫਰਵਰੀ 2019 ਨੂੰ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਵੱਲੋਂ ਅੰਤਰਰਾਸ਼ਟਰੀ ਮਾਂ ਬੋਲੀ ਦਿਵਸ ਮਨਾਇਆ ਗਿਆ। ਇਸ ਮੌਕੇ ਵਿਭਾਗ ਵੱਲੋਂ ਯੂਨੀਵਰਸਿਟੀ ਕਾਲਜ ਘਨੌਰ ਦੇ ਸਾਬਕਾ ਪ੍ਰਿੰਸੀਪਲ ਡਾਕਟਰ ਸੁਰਜੀਤ ਸਿੰਘ ਭੱਟੀ ਦੇ ਵਿਸ਼ੇਸ਼ ਲੈਕਚਰ ਦਾ ਆਯੋਜਨ ਕੀਤਾ ਗਿਆ।

**23.25 ਪੋਸ਼ਣ ਪਖਵਾੜਾ:**

ਭਾਰਤ ਸਰਕਾਰ ਦੇ ਯੁਵਾ ਅਤੇ ਖੇਡ ਮਾਮਲਿਆਂ ਮੰਤਰਾਲੇ, ਔਰਤਾਂ ਅਤੇ ਬਾਲ ਵਿਕਾਸ ਮੰਤਰਾਲੇ ਵੱਲੋਂ ਪ੍ਰਾਪਤ ਹੋਈਆਂ ਹਦਾਇਤਾਂ ਅਨੁਸਾਰ 8 ਮਾਰਚ 2019 ਤੋਂ 22 ਮਾਰਚ 2019 ਤੱਕ **ਪੋਸ਼ਣ ਪਖਵਾੜਾ ਮਨਾਇਆ** ਗਿਆ।

## 24. ਸਰੀਰਕ ਸਿੱਖਿਆ ਅਤੇ ਖੇਡ ਵਿਭਾਗ ਦੀਆਂ ਪ੍ਰਾਪਤੀਆਂ:

ਸਰੀਰਕ ਸਿੱਖਿਆ ਅਤੇ ਖੇਡ ਵਿਭਾਗ ਦੇ ਮੁਖੀ **ਡਾ. ਗੁਰਸ਼ਰਨ ਸਿੰਘ ਗਿੱਲ** ਦੇ ਸ਼ਲਾਘਾਯੋਗ ਯਤਨਾਂ ਸਦਕਾ ਵਿਭਾਗ ਦੇ ਵਿਦਿਆਰਥੀਆਂ ਨੇ ਨਿਮਨਲਿਖਤ ਸ਼ਾਨਦਾਰ ਪ੍ਰਾਪਤੀਆ ਕੀਤੀਆਂ।

### 24.1 ਅੰਤਰਰਾਸ਼ਟਰੀ ਪ੍ਰਾਪਤੀਆਂ:

ਕਾਲਜ ਦੇ ਹੋਣਹਾਰ ਆਰਚਰੀ ਖਿਡਾਰੀ **ਸੰਗਮਪ੍ਰੀਤ ਬਿਸਲਾ** ਨੇ **ਏਸ਼ੀਅਨ ਗੇਮਜ਼** ਵਿੱਚ ਭਾਰਤ ਦੀ **ਪ੍ਰਤੀਨਿਧਤਾ** ਕੀਤੀ।

ਕਾਲਜ ਦੇ ਹੈਂਡਬਾਲ (ਲੜਕੇ) ਦੇ ਖਿਡਾਰੀ **ਹਰਮਨ** ਨੇ **ਕਾਜ਼ਖ਼ਸਤਾਨ** ਵਿਖੇ ਭਾਰਤ ਦੀ ਪ੍ਰਤੀਨਿਧਤਾ ਕੀਤੀ ਅਤੇ **1 ਬਰਾਂਜ਼ ਮੈਡਲ** ਪ੍ਰਾਪਤ ਕੀਤਾ।

ਕਾਲਜ ਦੀ ਹੈਂਡਬਾਲ (ਲੜਕੀਆਂ) ਦੀ ਖਿਡਾਰਨ **ਗਗਨਦੀਪ ਕੌਰ** ਨੇ **ਕਾਜ਼ਖ਼ਸਤਾਨ** ਵਿਖੇ ਆਯੋਜਿਤ **3rd Asian Women League** ਵਿੱਚ ਭਾਰਤ ਦੀ ਪ੍ਰਤੀਨਿਧਤਾ ਕੀਤੀ।

### 24.2.ਆਲ ਇੰਡੀਆ ਇੰਟਰ ਯੂਨੀਵਰਸਿਟੀ/ਨੈਸ਼ਨਲ:

ਕਾਲਜ ਦੀ **ਆਰਚਰੀ** (ਲੜਕੀਆਂ) ਦੀ ਖਿਡਾਰਣ **ਪ੍ਰਿਅੰਕਾ** ਨੇ ਇੱਕ **ਗੋਲਡ ਮੈਡਲ, ਸੁਮਨ ਬਾਲ** ਨੇ **ਇੱਕ ਬਰਾਂਜ਼ ਮੈਡਲ** (ਜੂਨੀਅਰ ਨੈਸ਼ਨਲ), **ਉਤਕਰਸ਼** ਨੇ ਇੱਕ **ਗੋਲਡ ਮੈਡਲ, ਤਿੰਨ ਸਿਲਵਰ ਮੈਡਲ** ਅਤੇ **ਇੱਕ ਬਰਾਂਜ਼ ਮੈਡਲ** ਹਾਸਲ ਕੀਤਾ।

ਕਾਲਜ ਦੀਆਂ **ਹੈਂਡਬਾਲ** (ਲੜਕੀਆਂ) ਦੀਆਂ **ਛੇ ਖਿਡਾਰਨਾਂ** ਨੇ **ਨੌਰਥ ਜ਼ੋਨ ਇੰਟਰਵਰਸਿਟੀ** ਵਿੱਚ ਭਾਗ ਲਿਆ।

ਕਾਲਜ ਦੀਆਂ **ਹਾਕੀ** (ਲੜਕੀਆਂ) ਦੀਆਂ ਚਾਰ ਖਿਡਾਰਣਾਂ–**ਸੁਮਨਪ੍ਰੀਤ ਕੌਰ, ਅੰਮ੍ਰਿਤਪਾਲ ਕੌਰ, ਪ੍ਰਿਆ** ਅਤੇ **ਸਪਨਾ** ਨੇ **ਆਲ ਇੰਡੀਆਂ ਇੰਟਰ ਯੂਨੀਵਰਸਿਟੀ** ਵਿੱਚ ਭਾਗ ਲਿਆ ਅਤੇ **ਸਿਲਵਰ ਮੈਡਲ** ਹਾਸਲ ਕੀਤਾ।

ਕਾਲਜ ਦੀ **ਸਾਈਕਲਿੰਗ** (ਲੜਕੀਆਂ) ਦੀ ਖਿਡਾਰਣ **ਜੈਸਮੀਨ ਕੌਰ** ਨੇ **02 ਸਿਲਵਰ ਮੈਡਲ** ਅਤੇ **ਜਸਪ੍ਰੀਤ ਕੌਰ** ਨੇ **01 ਸਿਲਵਰ ਮੈਡਲ** ਹਾਸਲ ਕੀਤਾ।

### 24.3 ਅੰਤਰ ਕਾਲਜ ਮੁਕਾਬਲੇ:

ਕਾਲਜ ਦੀ ਆਰਚਰੀ ਦੀ ਖਿਡਾਰਣ **ਪ੍ਰਭਜੋਤ ਕੌਰ** ਨੇ **06 ਗੋਲਡ ਮੈਡਲ, ਦਲਜੀਤ ਕੌਰ** ਨੇ **01 ਗੋਲਡ ਮੈਡਲ, ਪ੍ਰੀਤਇੰਦਰ ਕੌਰ** ਨੇ **01 ਗੋਲਡ** ਤੇ **01 ਸਿਲਵਰ ਮੈਡਲ, ਚਰਨਜੀਤ ਕੌਰ** ਨੇ **01 ਸਿਲਵਰ ਮੈਡਲ** ਅਤੇ **ਉਤਕਰਸ਼ ਨੇ 01 ਗੋਲਡ ਮੈਡਲ** ਹਾਸਲ ਕੀਤਾ।

**ਆਰਚਰੀ** ਦੇ ਖਿਡਾਰੀ (ਲੜਕੇ) **ਸੰਗਮਪ੍ਰੀਤ ਬਿਸਲਾ** ਨੇ **04 ਗੋਲਡ ਮੈਡਲ, 02 ਸਿਲਵਰ ਮੈਡਲ, ਰੌਬਿਨ** ਨੇ **01 ਸਿਲਵਰ ਮੈਡਲ** ਅਤੇ **ਕੁਲਵਿੰਦਰ ਸਿੰਘ** ਨੇ **01 ਸਿਲਵਰ ਮੈਡਲ** ਹਾਸਲ ਕੀਤਾ।

**ਹੈਂਡਬਾਲ** (ਲੜਕੇ) ਦੀ ਟੀਮ ਨੇ **ਗੋਲਡ ਮੈਡਲ, ਹੈਂਡਬਾਲ** (ਲੜਕੀਆਂ) ਦੀ ਟੀਮ ਨੇ **ਗੋਲਡ ਮੈਡਲ, ਹਾਕੀ** (ਲੜਕੀਆਂ) ਦੀ ਟੀਮ ਨੇ **ਸਿਲਵਰ ਮੈਡਲ, ਟੇਬਲ ਟੈਨਿਸ** (ਲੜਕੀਆਂ) ਦੀ ਟੀਮ ਨੇ **ਗੋਲਡ ਮੈਡਲ, ਸਾਫ਼ਟ ਟੈਨਿਸ** (ਲੜਕੀਆਂ) ਦੀ ਟੀਮ ਨੇ **ਗੋਲਡ ਮੈਡਲ, ਬਾਕਸਿੰਗ** (ਲੜਕੇ) ਦੀ ਟੀਮ ਨੇ **02 ਬਰਾਂਜ਼ ਮੈਡਲ, ਬਾਸਕਟਬਾਲ** (ਲੜਕੇ) ਦੀ ਟੀਮ ਨੇ **ਸਿਲਵਰ ਮੈਡਲ, ਬਾਕਸਿੰਗ** (ਲੜਕੀਆਂ) ਦੀ ਖਿਡਾਰਣ **ਭਾਵਨਾ** ਨੇ **01 ਬਰਾਂਜ਼ ਮੈਡਲ, ਰੈਸਲਿੰਗ** (ਲੜਕੇ) ਦੀ ਟੀਮ ਨੇ **02 ਗੋਲਡ ਮੈਡਲ, 01 ਸਿਲਵਰ ਮੈਡਲ, 02 ਬਰਾਂਜ਼ ਮੈਡਲ, ਵੇਟ ਲਿਫਟਿੰਗ** (ਲੜਕੇ) ਦੀ ਟੀਮ ਨੇ **ਸਿਲਵਰ ਮੈਡਲ** ਅਤੇ **ਵਾਲੀਬਾਲ** (ਲੜਕੇ) ਦੀ ਟੀਮ ਨੇ **ਸਿਲਵਰ ਮੈਡਲ** ਹਾਸਲ ਕੀਤਾ।

**ਸਾਇਕਲਿੰਗ** (ਲੜਕੀਆਂ) ਦੀ **ਰੋਡ ਇਵੈਂਟ** ਦੌਰਾਨ **ਜੈਸਮੀਨ ਕੌਰ** ਨੇ **02 ਸਿਲਵਰ ਮੈਡਲ** ਅਤੇ **01 ਬਰਾਂਜ਼ ਮੈਡਲ** ਹਾਸਲ ਕੀਤਾ, **ਵਨੀਤ ਕੌਰ** ਨੇ **01 ਬਰਾਂਜ ਮੈਡਲ** ਹਾਸਲ ਕੀਤਾ ਅਤੇ **ਜਸਪ੍ਰੀਤ ਕੌਰ** ਨੇ **02 ਬਰਾਂਜ਼ ਮੈਡਲ** ਹਾਲਸ ਕੀਤੇ। ਇਸ ਮੁਕਾਬਲੇ ਦੌਰਾਨ ਕਾਲਜ ਦੇ ਖਿਡਾਰੀਆਂ ਨੇ **ਓਵਰਆਲ ਦੂਜੀ ਪੁਜੀਸ਼ਨ** ਹਾਸਲ ਕੀਤੀ।

**ਐਥਲੈਟਿਕਸ** ਮੁਕਾਬਲਿਆਂ ਵਿੱਚ ਖਿਡਾਰੀਆਂ ਨੇ **ਡਿਸਕਸ ਥਰੋਅ** ਵਿੱਚ **01 ਗੋਲਡ ਮੈਡਲ, 100 ਮੀਟਰ ਹਰਡਲ ਰੇਸ** ਵਿੱਚ **01 ਸਿਲਵਰ ਮੈਡਲ** ਅਤੇ **20 ਕਿਲੋਮੀਟਰ ਵਾਕ** ਵਿੱਚ **01 ਸਿਲਵਰ ਮੈਡਲ** ਹਾਸਲ ਕੀਤਾ।

# ਕਾਲਜ ਦੇ ਵੱਖ-ਵੱਖ ਵਿਭਾਗਾਂ ਦੀ ਪ੍ਰਾਪਤੀਆਂ/ਗਤੀਵਿਧੀਆਂ

## 25. ਕਾਮਰਸ ਐਂਡ ਮੈਨੇਜਮੈਂਟ ਵਿਭਾਗ:

**ਡਾ. ਜਸਲੀਨ ਕੌਰ** ਦੀ ਸੁਚੱਜੀ ਦੇਖ-ਰੇਖ ਅਧੀਨ ਇਸ ਸੈਸ਼ਨ ਦੌਰਾਨ ਵਿਭਾਗ ਵੱਲੋਂ ਵੱਖ-ਵੱਖ ਤਰ੍ਹਾਂ ਦੀਆਂ ਗਤੀਵਿਧੀਆਂ ਕਰਵਾਈਆ ਗਈਆਂ।

ਵਿਭਾਗ ਵੱਲੋਂ **08 ਮੁਕਾਬਲੇ** ਕਰਵਾਏ ਗਏ।

ਮਿਤੀ 27 ਜੁਲਾਈ 2018 ਨੂੰ ਬੀ.ਕਾਮ. ਭਾਗ ਦੂਜਾ ਦੇ ਵਿਦਿਆਰਥੀਆਂ ਦਾ **ਕੁਇਜ਼ ਮੁਕਾਬਲਾ** ਕਰਵਾਇਆ ਗਿਆ। ਮਿਤੀ 14 ਅਗਸਤ 2018 ਨੂੰ 72ਵਾਂ ਸੁਤੰਤਰਤਾ ਦਿਵਸ ਦੇ ਸਬੰਧ ਵਿੱਚ ਵਿਦਿਆਰਥੀਆਂ ਦੀਆਂ **ਵੱਖ-ਵੱਖ ਪ੍ਰਤੀਯੋਗਤਾਵਾਂ** ਕਰਵਾਈਆਂ ਗਈਆਂ। ਮਿਤੀ 29 ਅਗਸਤ 2018 ਨੂੰ ਵਿਭਾਗ ਦੇ ਵਿਦਿਆਰਥੀਆਂ ਦਾ **Be the Change ਸਕਿੱਟ ਮੁਕਾਬਲਾ** ਕਰਵਾਇਆ ਗਿਆ। ਮਿਤੀ 20 ਸਤੰਬਰ 2018 ਨੂੰ ਵਿਦਿਆਰਥੀਆਂ ਦੇ **ਸੇਵਾ ਦਾ ਸੰਕਲਪ-ਭਾਈ ਘਨੱ੍ਹਈਆਂ ਜੀ** ਵਿਸ਼ੇ 'ਤੇ **ਪੋਸਟਰ ਬਣਾਉਣ ਦੇ ਮੁਕਾਬਲੇ** ਕਰਵਾਏ ਗਏ। ਮਿਤੀ 01 ਨਵੰਬਰ 2018 ਨੂੰ ਵਿਦਿਆਰਥੀਆਂ ਦੇ **ਦਿਆ/ਮੋਮਬੱਤੀ ਬਣਾਉਣ** ਅਤੇ **ਪੋਸਟਰ ਬਣਾਉਣ ਦੇ ਮੁਕਾਬਲੇ** ਕਰਵਾਏ ਗਏ। ਮਿਤੀ 12 ਫਰਵਰੀ 2019 ਨੂੰ **Spring Spree Fest** ਮੌਕੇ ਵਿਦਿਆਰਥੀਆਂ ਦੇ **ਸਿਖਰ ਉਦਯੋਗਪਤੀ, ਸਮਾਜਕ ਸੁਨੇਹਾ ਦੇਣ ਸਬੰਧੀ ਟਿਕ-ਟਾਕ ਮੁਕਾਬਲੇ** ਕਰਵਾਏ ਗਏ। ਮਿਤੀ 13 ਫਰਵਰੀ 2019 ਨੂੰ ਵਿਦਿਆਰਥੀਆਂ ਦੀ **ਵਿਗਿਆਨ ਪ੍ਰਤੀਯੋਗਤਾ** ਅਤੇ **ਲਾਈਫ ਸਟੋਰੀ ਐਕਟੀਵਿਟੀ** ਕਰਵਾਈ ਗਈ। ਮਿਤੀ 14 ਫਰਵਰੀ 2019 ਨੂੰ ਵਿਦਿਆਰਥੀਆਂ ਦੇ **Innovation in Waste** ਅਤੇ **Awesome Blossom** ਵਿਸ਼ੇ ਨਾਲ ਸਬੰਧਤ **ਮੁਕਾਬਲੇ** ਕਰਵਾਏ ਗਏ ਜਿਸ ਦੌਰਾਨ **ਡਾ. ਦਵਿੰਦਰ ਸਿੰਘ** ਸਾਬਕਾ ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਿਰਕਤ ਕੀਤੀ।

ਵਿਭਾਗ ਵੱਲੋਂ **04 ਓਰੀਐਂਟੇਸ਼ਨ** ਆਯੋਜਿਤ ਕੀਤੇ ਗਏ।

ਮਿਤੀ 21 ਅਗਸਤ 2018 ਨੂੰ ਬੀ.ਕਾਮ. ਭਾਗ ਪਹਿਲਾ ਦੇ ਵਿਦਿਆਰਥੀਆਂ ਲਈ **ਇੱਕ ਰੋਜ਼ਾ ਓਰੀਐਂਟੇਸ਼ਨ ਪ੍ਰੋਗਰਾਮ** ਆਯੋਜਿਤ ਕੀਤਾ ਗਿਆ ਜਿਸ ਵਿੱਚ ਵਿਦਿਆਰਥੀਆਂ ਨੂੰ ਕਾਲਜ ਦੇ ਨਿਯਮਾਂ ਬਾਰੇ ਜਾਣੂ ਕਰਾਵਾਇਆ ਗਿਆ।

ਮਿਤੀ 28 ਅਗਸਤ 2018 ਨੂੰ ਐੱਮ.ਕਾਮ. ਭਾਗ ਪਹਿਲਾ ਦੇ ਵਿਦਿਆਰਥੀਆਂ ਲਈ **ਇੱਕ ਰੋਜ਼ਾ ਓਰੀਐਂਟੇਸ਼ਨ ਪ੍ਰੋਗਰਾਮ** ਆਯੋਜਿਤ ਕੀਤਾ ਗਿਆ ਜਿਸ ਦੌਰਾਨ ਕਾਲਜ **ਪ੍ਰਿੰਸੀਪਲ ਡਾ. ਧਰਮਿੰਦਰ ਸਿੰਘ ਉੱਭਾ** ਨੇ ਵਿਦਿਆਰਥੀਆਂ ਨੂੰ ਸੰਬੋਧਿਤ ਕੀਤਾ।

ਮਿਤੀ 30 ਅਗਸਤ 2018 ਨੂੰ ਬੀ.ਕਾਮ.(ਆਨਰਜ਼) ਭਾਗ ਪਹਿਲਾ ਅਤੇ ਬੀ.ਕਾਮ.(ਅਕਾਊਂਟਿੰਗ ਐਂਡ ਫਾਇਨਾਂਸ) ਭਾਗ ਪਹਿਲਾ ਦੇ ਵਿਦਿਆਰਥੀਆਂ ਲਈ **ਓਰੀਐਂਟੇਸ਼ਨ ਪ੍ਰੋਗਰਾਮ** ਆਯੋਜਿਤ ਕੀਤਾ ਗਿਆ ਅਤੇ ਵਿਦਿਆਰਥੀਆਂ ਦੀਆਂ **ਵੱਖ-ਵੱਖ ਪ੍ਰਤੀਯੋਗਤਾਵਾਂ** ਕਰਵਾਈਆਂ ਗਈਆਂ।

ਮਿਤੀ 7 ਸਤੰਬਰ 2018 ਨੂੰ ਐੱਮ.ਬੀ.ਏ.(ਲੀਡਰਸ਼ਿਪ) ਭਾਗ ਪਹਿਲਾ ਅਤੇ ਬੀ.ਬੀ.ਏ. ਭਾਗ ਪਹਿਲਾ ਦੇ ਵਿਦਿਆਰਥੀਆਂ ਲਈ **ਓਰੀਐਂਟੇਸ਼ਨ ਪ੍ਰੋਗਰਾਮ** ਆਯੋਜਿਤ ਕੀਤਾ ਗਿਆ ਜਿਸ ਦੌਰਾਨ ਕਾਲਜ ਪ੍ਰਿੰਸੀਪਲ **ਡਾ. ਧਰਮਿੰਦਰ ਸਿੰਘ ਉੱਭਾ** ਨੇ ਵਿਦਿਆਰਥੀਆਂ ਨੂੰ ਸੰਬੋਧਿਤ ਕੀਤਾ।

ਉਪਰੋਕਤ ਤੋਂ ਇਲਾਵਾ ਵਿਭਾਗ ਵੱਲੋਂ ਮਿਤੀ 3 ਅਗਸਤ 2018 ਨੂੰ ਵਿਦਿਆਰਥੀਆਂ ਨੂੰ ਵਾਤਾਵਰਣ ਪ੍ਰਤੀ ਜਾਗਰੂਕ ਕਰਨ ਲਈ **Go Green Activity** ਕਰਵਾਈ ਗਈ ਜਿਸ ਦੌਰਾਨ **ਜੀਵਨਜੋਤ ਕੌਰ,** ਡਿਪਟੀ ਡਾਇਰੈਕਟਰ ਲੋਕਲ ਬਾਡੀ ਪਟਿਆਲਾ ਨੇ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਿਰਕਤ ਕੀਤੀ।

ਮਿਤੀ 24 ਅਗਸਤ 2018 ਨੂੰ ਡਿਵਨਿਟੀ ਕਲੱਬ ਵੱਲੋਂ **ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ** ਨੂੰ ਸਮਰਪਿਤ **ਕਿਰਤ ਕਰੋ, ਨਾਮ ਜਪੋ, ਵੰਡ ਛਕੋ** ਦੇ ਸਿਧਾਂਤ ਨੂੰ ਸਮਰਪਿਤ ਪ੍ਰੋਗਰਾਮ ਆਯੋਜਿਤ ਕੀਤਾ ਗਿਆ।

ਮਿਤੀ 05 ਸਤੰਬਰ 2018 ਨੂੰ ਵਿਦਿਆਰਥੀਆਂ ਵੱਲੋਂ **ਅਧਿਆਪਕ ਦਿਵਸ** ਦੇ ਸਬੰਧ ਵਿੱਚ ਪ੍ਰੋਗਰਾਮ ਕੀਤਾ ਗਿਆ।

ਮਿਤੀ 02 ਨਵੰਬਰ 2018 ਨੂੰ ਡਿਵਨਿਟੀ ਕਲੱਬ ਵੱਲੋਂ **ਗਰੀਨ ਦੀਵਾਲੀ** ਮਨਾਉਣ ਦੇ ਉਦੇਸ਼ ਨੂੰ ਮੁੱਖ ਰੱਖਦੇ ਹੋਏ ਕਾਲਜ ਦੇ **ਗੁਰਦੁਆਰਾ ਸਾਹਿਬ** ਵਿੱਚ **ਚੌਪਈ ਸਾਹਿਬ** ਦੇ ਪਾਠ ਕਰਵਾਏ ਗਏ।

ਮਿਤੀ 05 ਨਵੰਬਰ 2018 ਨੂੰ ਵਿਦਿਆਰਥੀਆਂ ਨੇ ਪਿੰਗਲਵਾੜਾ ਦੇ ਬੱਚਿਆਂ ਨਾਲ **ਦੀਵਾਲੀ ਦਾ ਤਿਉਹਾਰ** ਮਨਾਇਆ।

ਮਿਤੀ 15 ਫਰਵਰੀ 2019 ਨੂੰ ਵਿਭਾਗ ਵੱਲੋਂ **Spring Spree Fest** ਆਯੋਜਿਤ ਕਰਵਾਇਆ ਗਿਆ।

ਮਿਤੀ 26 ਫਰਵਰੀ 2019 ਨੂੰ ਵਿਭਾਗ ਅਤੇ ਵਿਦਿਆਰਥੀਆਂ ਵੱਲੋਂ ਅਰਦਾਸ ਫਾਉਂਡੇਸ਼ਨ ਅਧੀਨ **ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਉਤਸਵ** ਨੂੰ ਸਮਰਪਿਤ ਸਰਬੱਤ ਦਾ ਭਲਾ ਮੰਗਦਿਆਂ 600 ਤੋਂ ਵੱਧ ਲੋੜਵੰਦਾਂ ਨੂੰ ਕੱਪੜੇ ਅਤੇ ਹੋਰ ਲੋੜੀਂਦੀਆਂ ਵਸਤੂਆਂ ਵੰਡ ਕੇ **ਖੁਸ਼ੀਆਂ ਦਾ ਰੀਸਾਈਕਲ** ਗਤੀਵਿਧੀ ਕਰਵਾਈ ਗਈ।

## 26. ਪੋਸਟ ਗ੍ਰੈਜੂਏਟ ਡਿਪਾਰਟਮੈਂਟ ਆਫ਼ ਕੰਪਿਊਟਰ ਸਾਇੰਸ ਅਤੇ ਕੰਪਿਊਟੋਨਿਕਸ ਕਲੱਬ:

ਵਿਭਾਗ ਦੇ ਮੁਖੀ **ਪ੍ਰੋ. ਸੁਖਮੀਨ ਕੌਰ** ਦੀ ਯੋਗ ਅਗਵਾਈ ਹੇਠ ਅਤੇ ਕਲੱਬ ਦੇ ਕਨਵੀਨਰ **ਪ੍ਰੋ. ਇੰਦਰਬੀਰ ਕੌਰ** ਦੇ ਯਤਨਾਂ ਸਦਕਾ ਸੈਸ਼ਨ ਦੇ ਆਰੰਭ ਵਿੱਚ ਨਵੀਂ **ਐਗਜ਼ੈਕਟਿਵ ਕਮੇਟੀ** ਨਿਯੁਕਤ ਕੀਤੀ ਗਈ ਅਤੇ ਨਵੇਂ ਆਏ ਵਿਦਿਆਰਥੀਆਂ ਨੂੰ 'ਜੀ ਆਇਆਂ' ਕਿਹਾ ਗਿਆ। ਮਿਤੀ 14 ਅਗਸਤ 2018 ਨੂੰ **ਅਜ਼ਾਦੀ ਦਿਵਸ** ਦੇ ਸਬੰਧ ਵਿੱਚ ਵਿਦਿਆਰਥੀਆਂ ਵੱਲੋਂ **ਕਾਰਡ** ਅਤੇ **ਪੋਸਟਰ** ਬਣਾਏ ਗਏ।

ਮਿਤੀ 20 ਸਤੰਬਰ 2018 ਨੂੰ **ਭਾਈ ਘੱਨ੍ਹਈਆ ਜੀ ਦਿਵਸ** ਮੌਕੇ ਵਿਦਿਆਰਥੀ ਅਤੇ ਅਧਿਆਪਕ ਸਾਹਿਬਾਨ ਵੱਲੋਂ ਕੁਸ਼ਟ ਆਸ਼ਰਮ ਵਿਖੇ ਪਾਣ-ਪੀਣ ਦੀਆਂ ਵਸਤਾਂ ਅਤੇ ਦਵਾਈਆਂ ਵੰਡੀਆਂ ਗਈਆਂ।

ਮਿਤੀ 10 ਅਕਤੂਬਰ 2018 ਨੂੰ **ICT Tools** ਵਿਸ਼ੇ 'ਤੇ **ਵਰਕਸ਼ਾਪ** ਆਯੋਜਿਤ ਕੀਤੀ ਗਈ।

ਮਿਤੀ 12-13 ਫਰਵਰੀ 2019 ਨੂੰ **Basics of Software Development** ਵਿਸ਼ੇ 'ਤੇ ਦੋ ਰੋਜ਼ਾ **ਵਰਕਸ਼ਾਪ** ਦਾ ਆਯੋਜਨ ਕੀਤਾ ਗਿਆ ਜਿਸ ਦੌਰਾਨ ਵਿਦਿਆਰਥੀਆਂ ਨੂੰ **Software** ਦੇ ਨਵੇਂ ਟੂਲਜ਼ ਅਤੇ ਤਕਨੀਕਾਂ ਬਾਰੇ ਜਾਣਕਾਰੀ ਦਿੱਤੀ ਗਈ।

ਮਿਤੀ 15 ਫਰਵਰੀ 2019 ਨੂੰ ਵਿਦਿਆਰਥੀਆਂ ਵੱਲੋਂ **Spring Spree-2019** ਵਿੱਚ **Fun World** 'ਤੇ ਸਟਾਲ ਲਗਾਈ ਗਈ।

ਮਿਤੀ 27 ਫਰਵਰੀ 2019 ਨੂੰ ਸਾਫ਼ਟਵੇਅਰ ਡਿਵੈਲਪਮੈਂਟ ਵਿਸ਼ੇ 'ਤੇ **ਇੰਜੀਨੀਅਰ ਮਨਦੀਪ ਸਿੰਘ** ਦੀ ਵਿਦਿਆਰਥੀਆਂ ਲਈ **ਇੱਕ ਰੋਜ਼ਾ ਵਰਕਸ਼ਾਪ** ਦਾ ਆਯੋਜਨ ਕੀਤਾ ਗਿਆ।

ਇਸ ਤੋਂ ਇਲਾਵਾ ਵਿਭਾਗ ਅਤੇ ਕਲੱਬ ਦੇ ਵਿਦਿਆਰਥੀਆਂ ਵੱਲੋਂ ਸਮੇਂ-ਸਮੇਂ 'ਤੇ ਆਯੋਜਿਤ ਕੀਤੀਆਂ ਗਈਆਂ ਗਤੀਵਿਧੀਆਂ ਅਤੇ ਖੇਡਾਂ ਵਿੱਚ ਭਾਗ ਲਿਆ ਗਿਆ।

# ਸਾਇੰਸ ਵਿਭਾਗ

## 27. ਬਾਇਓਟੈਕਨਾਲੋਜੀ ਵਿਭਾਗ:

ਵਿਭਾਗ ਦੇ ਮੁਖੀ **ਡਾ. ਨਿਪੁੰਨਜੋਤ ਕੌਰ** ਦੀ ਯੋਗ ਅਗਵਾਈ ਹੇਠ ਬੀ.ਐਸਸੀ. ਭਾਗ ਤੀਜਾ ਦੀ ਵਿਦਿਆਰਥਣ **ਰੇਨੂੰ** ਨੇ ਮਿਤੀ 26 ਅਗਸਤ 2018 ਨੂੰ ਐਨ.ਸੀ.ਸੀ. ਪਟਿਆਲਾ ਵੱਲੋਂ 22 ਗਾਰਡ, ਐਨ.ਸੀ.ਸੀ. ਕੈਂਟ ਪਟਿਆਲਾ ਵਿਖੇ ਕਰਵਾਏ ਗਏ **ਭਾਸ਼ਣ ਮੁਕਾਬਲੇ** ਵਿੱਚ **ਦੂਜਾ ਸਥਾਨ** ਹਾਸਲ ਕੀਤਾ।

ਮਿਤੀ 28 ਸਤੰਬਰ 2018 ਨੂੰ ਬੀ.ਐਸਸੀ. ਬਾਇਓਟੈਕਨਾਲੋਜੀ ਦੇ ਵਿਦਿਆਰਥੀਆਂ ਦਾ **ਵਿੱਦਿਅਕ ਟੂਰ** ਇੰਸਟੀਚਿਊਟ ਆਫ਼ ਮਾਈਕ੍ਰੋਬੀਅਲ ਟੈਕਨਾਲੋਜੀ ਵਿਖੇ ਲਿਜਾਇਆ ਗਿਆ।

ਮਿਤੀ 2 ਨਵੰਬਰ 2018 ਨੂੰ ਬੀ.ਐਸਸੀ. ਬਾਇਓਟੈਕਨਾਲੋਜੀ ਭਾਗ ਪਹਿਲਾ ਦੇ ਵਿਦਿਆਰਥੀਆਂ ਦਾ **ਵਿੱਦਿਅਕ ਟੂਰ** ਪਟਿਆਲਾ ਡਿਸਟਿਲਰੀ ਵਿਖੇ ਲਿਜਾਇਆ ਗਿਆ।

## 28. ਫਿਜ਼ਿਕਸ ਵਿਭਾਗ:

ਵਿਭਾਗ ਦੇ ਮੁਖੀ **ਡਾ. ਤਰਲੋਚਨ ਸਿੰਘ ਮਹਾਜਨ** ਦੀ ਦੇਖ-ਰੇਖ ਅਧੀਨ ਵਿਭਾਗ ਵੱਲੋਂ ਇਸ ਸੈਸ਼ਨ ਦੌਰਾਨ ਮਿਤੀ 20 ਸਤੰਬਰ 2018 ਨੂੰ **ਭਾਈ ਘੱਨ੍ਹਈਆ ਜੀ ਦਿਵਸ ਮਨਾਇਆ** ਗਿਆ ਜਿਸ ਦੌਰਾਨ ਪੋਸਟ ਗ੍ਰੈਜੂਏਟ ਕਲਾਸਾਂ ਦੇ ਵਿਦਿਆਰਥੀਆਂ ਨੇ ਅਨਾਥ ਆਸ਼ਰਮ ਵਿਖੇ ਲੋੜੀਂਦੀਆਂ ਵਸਤੂਆਂ ਵੰਡੀਆਂ।

ਮਿਤੀ 26 ਫਰਵਰੀ 2019 ਨੂੰ ਮਾਈਕ੍ਰੋ ਪ੍ਰੋਸੈਸ, ਮਾਈਕ੍ਰੋ ਕੰਟ੍ਰੋਲਰ ਅਤੇ ਕੁਦਰਤੀ ਉਰਜਾ ਸ੍ਰੋਤਾਂ ਦੀ ਦੇਖ ਭਾਲ ਅਤੇ ਸੰਭਾਲ ਵਿਸ਼ੇ 'ਤੇ **ਦੋ ਰੋਜ਼ਾ ਵਰਕਸ਼ਾਪ** ਦਾ ਆਯੋਜਨ ਕੀਤਾ ਗਿਆ ਜਿਸ ਦੇ ਉਦਘਾਟਨੀ ਸੈਸ਼ਨ ਦੌਰਾਨ **ਡਾ. ਉਰਵਿੰਦਰ ਸਿੰਘ**, ਇਲੈਕਟ੍ਰੋਨਿਕਸ ਵਿਭਾਗ ਥਾਪਰ ਯੂਨੀਵਰਸਿਟੀ ਪਟਿਆਲਾ ਨੇ ਸ਼ਿਰਕਤ ਕੀਤੀ। ਸ਼ਾਮ ਦੇ ਸੈਸ਼ਨ ਵਿੱਚ **ਡਾ. ਕਰਮਜੀਤ ਸਿੰਘ,** ਇਲੈਕਟ੍ਰਾਨਿਕਸ ਵਿਭਾਗ ਥਾਪਰ ਯੂਨੀਵਰਸਿਟੀ ਪਟਿਆਲਾ ਨੇ ਸ਼ਿਰਕਤ ਕੀਤੀ।

ਮਿਤੀ 25 ਫਰਵਰੀ 2019 ਨੂੰ ਵਿਭਾਗ ਦੇ ਅਧਿਆਪਕ ਸਾਹਿਬਾਨ **ਡਾ. ਅਰਵਿੰਦ ਸੱਭਰਵਾਲ** ਅਤੇ **ਪ੍ਰੋ. ਅਮਨ** ਦੀ ਯੋਗ ਅਗਵਾਈ ਅਧੀਨ ਐਮ.ਐਸਸੀ. ਭਾਗ ਪਹਿਲਾ ਅਤੇ ਐਮ.ਐਸਸੀ ਭਾਗ ਦੂਜਾ ਦੇ ਵਿਦਿਆਰਥੀਆਂ ਨੇ ਗੁਰੂ ਨਾਨਕ  ਗਰਲਜ਼ ਕਾਲਜ ਮੁਕਤਸਰ ਸਾਹਿਬ ਵਿਖੇ ਆਯੋਜਿਤ ਕੀਤੀ ਗਈ **ਨੈਸ਼ਨਲ ਕਾਨਫਰੰਸ** ਵਿੱਚ ਭਾਗ ਲਿਆ।

## 29. ਖੇਤੀਬਾੜੀ ਵਿਭਾਗ:

ਵਿਭਾਗ ਦੇ **ਮੁਖੀ ਪ੍ਰੋ. ਰਾਜਦੀਪ ਸਿੰਘ ਧਾਲੀਵਾਲ** ਦੇ ਯਤਨਾਂ ਸਦਕਾ ਇਸ ਸ਼ੈਸਨ ਦੌਰਾਨ ਵਿਦਿਆਰਥੀਆਂ ਦੇ **10 ਵਿੱਦਿਅਕ ਦੌਰੇ** ਕਰਵਾਏ ਗਏ। ਮਿਤੀ 14 ਸਤੰਬਰ 2018 ਨੂੰ ਬੀ. ਐਸ. ਸੀ. ਆਨਰਜ਼ ਇਨ ਐਗਰੀਕਲਚਰ ਦੇ ਵਿਦਿਆਰਥੀਆਂ ਦਾ **ਕ੍ਰਿਸ਼ੀ ਵਿਗਿਆਨ ਕੇਂਦਰ ਰੌਣੀ (ਪਟਿਆਲਾ)** ਵਿਖੇ **ਕਿਸਾਨ ਮੇਲੇ** ਦਾ ਵਿੱਦਿਅਕ ਦੌਰਾ, ਮਿਤੀ 21 ਸਤੰਬਰ 2018 ਨੂੰ **ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਅਣਾ** ਵਿਖੇ **ਕਿਸਾਨ ਮੇਲੇ** ਦਾ ਵਿੱਦਿਅਕ ਦੌਰਾ, ਮਿਤੀ 22 ਅਕਤੂਬਰ 2018 ਨੂੰ ਐਮ. ਐਸਸੀ. ਐਗਰੀਕਲਚਰ ਦੇ ਵਿਦਿਆਰਥੀਆਂ ਦਾ **ਸੈਂਟਰ ਆਫ ਐਕਸੀਲੈਂਸ ਫਾਰ ਵੈਜੀਟੇਬਲਜ, ਕਰਤਾਰਪੁਰ ਸਾਹਿਬ** ਦਾ ਵਿੱਦਿਅਕ ਦੌਰਾ, 31 ਅਕਤੂਬਰ 2018 ਨੂੰ ਬੀ. ਐਸ. ਸੀ. ਮੈਡੀਕਲ ਦੇ ਵਿਦਿਆਰਥੀਆਂ ਦਾ **ਮੋਹਿੰਦਰਾ ਛਤਬੀੜ ਜੂ, ਐਸ. ਏ.ਐਸ. ਨਗਰ ਮੋਹਾਲੀ** ਦਾ ਵਿੱਦਿਅਕ ਦੌਰਾ, ਮਿਤੀ 15 ਨਵੰਬਰ 2018 ਨੂੰ ਬੀ. ਐਸ. ਸੀ. ਆਨਰਜ ਇਨ ਐਗਰੀਕਲਚਰ ਦੇ ਵਿਦਿਆਰਥੀਆਂ ਦਾ **ਨੈਸ਼ਨਲ ਡੇਅਰੀ ਰਿਸਰਚ ਇੰਸਟੀਟਯੂਟ ਕਰਨਾ.ਲ** ਦਾ ਵਿੱਦਿਅਕ ਦੌਰਾ, ਮਿਤੀ 16 ਨਵੰਬਰ 2018 ਨੂੰ ਬੀ. ਐਸ. ਸੀ. ਆਨਰਜ ਇਨ ਐਗਰੀਕਲਚਰ ਦੇ ਵਿਦਿਆਰਥੀਆਂ ਦਾ **ਬੋਟੈਨਿਕ ਗਾਰਡਨ ਹਰਬੇਰੀਅਮ ਐਂਡ ਮਿਊਜ਼ੀਅਮ ਪੰਜਾਬੀ ਯੂਨੀਵਰਸਿਟੀ ਪਟਿਆਲਾ** ਦਾ ਵਿੱਦਿਅਕ ਦੌਰਾ, ਮਿਤੀ 20 ਨਵੰਬਰ 2018 ਨੂੰ ਬੀ. ਐਸ. ਸੀ. ਆਨਰਜ਼ ਇਨ ਐਗਰੀਕਲਚਰ ਦੇ ਵਿਦਿਆਰਥੀਆਂ ਦਾ **ਹੋਰਟੀਕਲਚਰ ਡਿਪਾਰਟਮੈਂਟ ਬਾਰਾਦਰੀ ਗਾਰਡਨ ਪਟਿਆਲਾ** ਦਾ ਵਿੱਦਿਅਕ

ਦੌਰਾ, ਮਿਤੀ 22 ਨਵੰਬਰ 2018 ਨੂੰ ਬੀ. ਐਸ. ਸੀ. ਆਨਰਜ ਇਨ ਐਗਰੀਕਲਚਰ ਦੇ ਵਿਦਿਆਰਥੀਆਂ ਦਾ **ਸੈਂਟਰ ਆਫ ਐਕਸੀਲੈਂਸ ਫਾਰ ਫਰੂਟਸ ਮਾਂਗਿਆਨਾਂ ਹਿਸਾਰ** ਦਾ ਵਿੱਦਿਅਕ ਦੌਰਾ, ਮਿਤੀ 12 ਦਸੰਬਰ 2018 ਨੂੰ ਬੀ. ਐਸ. ਸੀ. ਆਨਰਜ ਇਨ ਐਗਰੀਕਲਚਰ ਦੇ ਵਿਦਿਆਰਥੀਆਂ ਦਾ **ਮਲਟੀਪਰਪਜ਼ ਕਾਪਰੇਟਿਵ ਸੋਸਾਇਟੀ ਕਲਿਆਣ ਨਾਭਾ ਰੋਡ ਪਟਿਆਲਾ** ਦਾ ਵਿੱਦਿਅਕ ਦੌਰਾ ਅਤੇ ਮਿਤੀ 22 ਫਰਵਰੀ 2019 ਨੂੰ ਬੀ. ਐਸ. ਸੀ. ਆਨਰਜ ਇਨ ਐਗਰੀਕਲਚਰ ਦੇ ਵਿਦਿਆਰਥੀਆਂ ਦਾ **ਚਿਲਡਰਨ ਪਾਰਕ ਔਪੋਜਿਟ ਪੀ.ਪੀ. ਐਸ. ਸੀ. ਬਾਰਾਦਰੀ ਗਾਰਡਨ ਪਟਿਅਲਾ** ਦਾ ਵਿੱਦਿਅਕ ਦੌਰਾ ਕਰਵਾਇਆ ਗਿਆ।

ਮਿਤੀ 31 ਅਗਸਤ 2018 ਨੂੰ ਫਰਟੀਲਾਇਜ਼ਰ ਐਸੋਸੀਏਸ਼ਨ ਆਫ ਇੰਡਿਆ ਦੇ ਸਹਿਯੋਗ ਨਾਲ **ਇਕ ਰੋਜ਼ਾ ਫਰਟੀਲਾਇਜ਼ਰ ਓਰੀਐਂਟੇਸਨ ਕੋਰਸ** ਆਯੋਜਿਤ ਕੀਤਾ ਗਿਆ।

ਮਿਤੀ 23 ਅਕਤੂਬਰ 2018 ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਯੂਨੀਵਰਸਿਟੀ ਦੇ Department of Zoology & Environmental Science ਅਤੇ Center for Environment Education, PSCST ਚੰਡੀਗੜ੍ਹ ਦੁਆਰਾ **Climate Change and Sustainable Development** ਵਿਸ਼ੇ ’ਤੇ ਸਾਂਝੇ ਤੌਰ ’ਤੇ ਆਯੋਜਿਤ ਕਰਵਾਏ ਗਏ ਲੈਕਚਰ ਵਿੱਚ ਐਮ.ਐਸਸੀ. ਐਗਰੀਕਲਚਰ (ਐਗਰੋਨੌਮੀ), ਐਮ.ਐਸਸੀ. ਐਗਰੀ ਵੈਜੀਟੇਬਲ ਸਾਇੰਸ ਅਤੇ ਬੀ.ਐਸਸੀ. ਐਗਰੀਕਲਚਰ ਭਾਗ ਚੌਥਾ ਦੇ ਵਿਦਿਆਰਥੀਆਂ ਨੇ ਸ਼ਮੂਲੀਅਤ ਕੀਤੀ।

ਇਸ ਵਿਭਾਗ ਵੱਲੋਂ ਜੋਗਰਫ਼ੀ ਵਿਭਾਗ ਦੇ ਸਹਿਯੋਗ ਨਾਲ ਮਿਤੀ 2-3 ਨਵੰਬਰ 2018 ਨੂੰ **19 ਵੀਂ ਏ.ਪੀ.ਜੀ. ਮੀਟ ਐਂਡ ਇੰਟਰਨੈਸ਼ਨਲ ਕਾਨਫਰੈਂਸ ਆਨ ਸਸਟੇਨੇਬਲ ਐਗਰੀਕਲਚਰ, ਫੂਡ ਸਕਿਓਰਿਟੀ ਐਂਡ ਐਨਵਾਇਰਨਮੈਂਟ** ਆਯੋਜਿਤ ਕੀਤੀ।

ਮਿਤੀ 14-15 ਦਸੰਬਰ 2018 ਨੂੰ ਵਿਦਿਆਰਥੀਆਂ ਦੀ ਪੰਜਾਬ ਦੇ ਹੋਰਟੀਕਲਚਰ ਵਿਭਾਗ ਦੁਆਰਾ ਆਯੋਜਿਤ **ਦੂਜੇ ਜ਼ਿਲ੍ਹਾ ਲੈਵਲ ਦੇ ਗੁਲਦਾਉਦੀ ਸ਼ੋ** ਵਿਚ ਸ਼ਮੂਲੀਅਤ ਕਰਵਾਈ ਗਈ।

ਐਮ. ਐਸਸੀ. ਐਗਰੀਕਲਚਰ (ਐਗਰੋਨੌਮੀ) ਭਾਗ ਦੂਜਾ ਦੇ ਵਿਦਿਆਰਥੀ **ਸਿਮਰਨਪ੍ਰੀਤ ਸਿੰਘ ਬੋਲਾ** ਨੇ ਥਾਪਰ ਯੂਨੀਵਰਸਿਟੀ ਪਟਿਆਲਾ ਵਿੱਚ **ਸਾਇੰਟੀਫਿਕ ਰੰਗੋਲੀ** ਵਿੱਚ **ਦੂਜਾ ਸਥਾਨ** ਅਤੇ ਬੀ. ਐਸ. ਸੀ. ਐਗਰੀਕਲਚਰ (ਆਨਰਜ਼) ਭਾਗ ਤੀਜਾ ਦੇ ਵਿਦਿਆਰਥੀਆਂ **ਅਸੀਮ** ਅਤੇ **ਅਜੇ ਸ਼ਰਮਾ** ਦੇ **ਵਰਕਿੰਗ ਮਾਡਲ** ਨੇ **ਦੂਜਾ ਸਥਾਨ** ਹਾਸਿਲ ਕੀਤਾ।

# ਆਰਟਸ ਵਿਭਾਗ

## 30. ਪੋਸਟ ਗ੍ਰੇਜੂਏਟ ਪੰਜਾਬੀ ਵਿਭਾਗ ਅਤੇ ਪੰਜਾਬੀ ਸਾਹਿਤ ਸਭਾ:

ਵਿਭਾਗ ਦੇ ਮੁਖੀ **ਪ੍ਰੋ. ਪਰਮਜੀਤ ਕੌਰ** ਦੀ ਸੁਚੱਜੀ ਦੇਖ-ਰੇਖ ਹਠ ਅਤੇ ਪੰਜਾਬੀ ਸਾਹਿਤ ਸਭਾ ਦੇ ਕਨਵੀਨਰ **ਡਾ. ਜਸਵਿੰਦਰ ਸਿੰਘ** ਦੇ ਯਤਨਾਂ ਸਦਕਾ ਮਿਤੀ 6 ਸਤੰਬਰ 2018 ਨੂੰ ਕਾਲਜ ਦੇ ਸਮੂਹ ਵਿਭਾਗਾਂ ਦੇ ਵਿਦਿਆਰਥੀਆਂ ਦਾ **ਕਾਵਿ-ਉਚਾਰਨ ਮੁਕਾਬਲਾ** ਕਰਵਾਇਆ ਗਿਆ।

ਮਿਤੀ 27 ਜਨਵਰੀ 2019 ਨੂੰ ਕਵੀ **ਪ੍ਰਮਿੰਦਰ ਸੋਢੀ** ਨਾਲ **ਰੂ-ਬ-ਰੂ ਪ੍ਰੋਗਰਾਮ ਕਰਵਾਇਆ** ਗਿਆ।

ਮਿਤੀ 21 ਫਰਵਰੀ 2019 ਨੂੰ **ਅੰਤਰਰਾਸ਼ਟਰੀ ਮਾਂ-ਬੋਲੀ ਦਿਵਸ** 'ਤੇ ਵਿਦਿਆਰਥੀਆਂ ਦੇ **ਸਲੋਗਨ ਲਿਖਣ ਮੁਕਾਬਲੇ** ਕਰਵਾਏ ਗਏ।

## 31. ਪੋਸਟ ਗ੍ਰੈਜੂਏਟ ਅੰਗ੍ਰੇਜ਼ੀ ਵਿਭਾਗ ਅਤੇ ਇੰਗਲਿਸ਼ ਲਿਟਰੇਰੀ ਸੁਸਾਇਟੀ:

ਅੰਗ੍ਰੇਜ਼ੀ ਵਿਭਾਗ ਦੇ ਮੁਖੀ **ਡਾ. ਦੀਪਇੰਦਰਜੀਤ ਰੰਧਾਵਾ** ਦੀ ਰਹਿਨੁਮਾਈ ਅਧੀਨ ਇਸ ਵਿਭਾਗ ਵੱਲੋਂ ਬਣਾਈ ਗਈ ਇੰਗਲਿਸ਼ ਲਿਟਰੇਰੀ ਸੁਸਾਇਟੀ ਦੇ ਵਿਦਿਆਰਥੀ ਅਹੁਦੇਦਾਰਾਂ ਦੀ ਚੋਣ ਕੀਤੀ ਗਈ। ਸੁਸਾਇਟੀ ਦੇ ਕਨਵੀਨਰ **ਡਾ. ਰੂਬਲ ਬਰਾੜ** ਦੇ ਯਤਨਾਂ ਸਦਕਾ ਮਿਤੀ 18 ਜੁਲਾਈ 2018 ਨੂੰ **680 ਦੇ ਕਰੀਬ ਵਿਦਿਆਰਥੀ ਅਹੁਦੇਦਾਰਾਂ** ਦੀ ਚੋਣ ਕੀਤੀ ਗਈ ਅਤੇ **56 ਬੀਅਰਅਰਜ਼** ਬਣਾਏ ਗਏ।

ਮਿਤੀ 9 ਅਗਸਤ 2018 ਨੂੰ **Breaking the Ice Session** ਕਰਵਾਇਆ ਗਿਆ।

ਮਿਤੀ 29 ਅਕਤੂਬਰ 2018 ਨੂੰ ਵਿਭਾਗ ਵੱਲੋਂ **ਵਿਸ਼ਵ ਸ਼ਾਂਤੀ ਦਿਵਸ** 'ਤੇ **ਸੁਖਮਨੀ ਸਾਹਿਬ** ਦੇ ਪਾਠ ਕਰਵਾਏ ਗਏ ਅਤੇ ਅਰਦਾਸ ਕੀਤੀ ਗਈ।

ਮਿਤੀ 19 ਜਨਵਰੀ 2019 ਨੂੰ **ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ** ਨੂੰ ਸਮਰਪਿਤ **Poetics of Vismad: A Futuristic Possibility** ਵਿਸ਼ੇ 'ਤੇ **ਰਾਸ਼ਟਰੀ ਸੈਮੀਨਾਰ** ਆਯੋਜਿਤ ਕੀਤਾ ਗਿਆ।

ਮਿਤੀ 25 ਜਨਵਰੀ 2019 ਨੂੰ ਵਿਭਾਗ ਵੱਲੋਂ **Workshop on Avocation with a Difference** ਆਯੋਜਿਤ ਕਰਵਾਈ ਗਈ ਜਿਸ ਵਿੱਚ **ਡਾ. ਸਵਰਾਜ ਰਾਜ** ਨੇ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਿਰਕਤ ਕੀਤੀ।

ਮਿਤੀ 21 ਫਰਵਰੀ 2019 ਸੁਸਾਇਟੀ ਵੱਲੋਂ 35 ਵਿਦਿਆਰਥੀਆਂ ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ **UNBORN** ਨਾਟਕ ਵੇਖਣ ਲਈ ਭੇਜਿਆ ਗਿਆ।

## 32. ਹਿੰਦੀ ਵਿਭਾਗ, ਐਡ ਆਨ ਕੋਰਸ ਟ੍ਰਾਂਸਲੇਸ਼ਨ ਪ੍ਰੋਫੀਸੈਂਸੀ:

ਵਿਭਾਗ ਦੇ ਮੁਖੀ **ਡਾ. ਹਰਵਿੰਦਰ ਕੌਰ** ਦੀ ਸੁਚੱਜੀ ਦੇਖ-ਰੇਖ ਅਧੀਨ ਮਿਤੀ 13 ਸਤੰਬਰ 2018 ਨੂੰ ਬੀ.ਏ. ਭਾਗ ਪਹਿਲਾ, ਭਾਗ ਦੂਜਾ ਅਤੇ ਭਾਗ ਤੀਜਾ ਦੇ ਵਿਦਿਆਰਥੀਆਂ ਦਾ **ਨਿਬੰਧ ਲੇਖਨ ਮੁਕਾਬਲਾ** ਕਰਵਾਇਆ ਗਿਆ।

ਮਿਤੀ 05 ਮਾਰਚ 2019 ਨੂੰ **ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ** ਨੂੰ ਸਮਰਪਿਤ ਬੀ.ਏ. ਭਾਗ ਪਹਿਲਾ, ਭਾਗ ਦੂਜਾ, ਭਾਗ ਤੀਜਾ ਦੇ ਵਿਦਿਆਰਥੀ ਅਤੇ ਉਰਦੂ ਤੇ ਸੰਸਕ੍ਰਿਤ ਡਿਪਲੋਮਾ ਦੇ ਵਿਦਿਆਰਥੀਆਂ ਦਾ **ਗੁਰੂ ਨਾਨਕ ਦੇਵ ਜੀ – ਮਾਨਵਤਾ ਕੇ ਮਸੀਹਾ** ਵਿਸ਼ੇ 'ਤੇ **ਪੇਪਰ ਰੀਡਿੰਗ ਮੁਕਾਬਲਾ** ਕਰਵਾਇਆ ਗਿਆ।

## 33. ਥੀਏਟਰ ਸਟੱਡੀਜ਼ ਵਿਭਾਗ:

ਵਿਭਾਗ ਦੇ ਮੁਖੀ **ਡਾ. ਵੰਦਨਾ ਕਪੂਰ** ਦੀ ਦੇਖ-ਰੇਖ ਅਧੀਨ ਵਿਭਾਗ ਦੇ ਵਿਦਿਆਰਥੀ **ਸ਼ੁਭਮ** ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਆਯੋਜਿਤ ਕੀਤੇ ਗਏ ਖੇਤਰੀ ਯੁਵਕ ਅਤੇ ਲੋਕ ਮੇਲੇ ਵਿੱਚ ਖੇਡੇ ਗਏ ਨਾਟਕਾਂ ਦੌਰਾਨ **ਸਰਵੋਤਮ ਅਦਾਕਾਰ** ਦਾ ਖ਼ਿਤਾਬ ਪ੍ਰਾਪਤ ਕੀਤਾ। ਮਿਤੀ 01 ਮਾਰਚ 2019 ਨੂੰ ਸ਼ੀਸ਼ ਮਹਿਲ ਵਿਖੇ ਆਯੋਜਿਤ ਕੀਤੇ ਗਏ ਕਰਾਫਟ ਮੇਲੇ ਵਿੱਚ ਨੁੱਕੜ ਨਾਟਕ **'ਵਹਿੰਗੀ'** ਦੀ ਪੇਸ਼ਕਾਰੀ ਕੀਤੀ ਗਈ।

ਮਿਤੀ 25 ਦਸੰਬਰ 2018 ਨੂੰ ਵਿਭਾਗ ਦੇ ਵਿਦਿਆਰਥੀਆਂ ਨੇ ਭਾਸ਼ਾ ਵਿਭਾਗ ਪਟਿਆਲਾ ਵਿਖੇ ਧਾਰਮਿਕ ਨਾਟਕ **ਸ਼ਹਾਦਤ** ਦੀ ਪੇਸ਼ਕਾਰੀ ਕੀਤੀ।

## 34. ਫੋਕ ਆਰਟ ਐਂਡ ਕਲਚਰ ਵਿਭਾਗ:

ਵਿਭਾਗ ਦੇ ਮੁਖੀ **ਪ੍ਰੋ. ਸੰਦੀਪ ਚਹਿਲ** ਦੇ ਉੱਦਮ ਸਦਕਾ ਮਿਤੀ 10 ਅਗਸਤ 2018 ਨੂੰ ਕਾਲਜ ਵਿਖੇ **ਤੀਆਂ ਦਾ ਤਿਉਹਾਰ** ਮਨਾਇਆ ਗਿਆ। ਇਸ ਮੌਕੇ **ਡਾ. ਸਵਰਨਜੀਤ ਕੌਰ ਉੱਭਾ** ਨੇ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਿਰਕਤ ਕੀਤੀ।

ਮਿਤੀ 26 ਫ਼ਰਵਰੀ 2019 ਨੂੰ ਵਿਭਾਗ ਵੱਲੋਂ ਬੀ.ਏ. ਭਾਗ ਦੂਜਾ ਅਤੇ ਤੀਜਾ ਦੇ ਵਿਦਿਆਰਥੀਆਂ ਦੀ ਸ਼ੀਸ਼ ਮਹਿਲ ਪਟਿਆਲਾ ਵਿਖੇ ਆਯੋਜਿਤ ਕੀਤੇ ਗਏ ਕਰਾਫਟਸ ਮੇਲੇ ਦੀ **ਵਿਜ਼ਟ** ਕਰਵਾਈ ਗਈ।

## 35. ਫਾਈਨ ਆਰਟਸ ਵਿਭਾਗ:

ਵਿਭਾਗ ਦੇ ਮੁਖੀ **ਡਾ. ਮਨਵੀਰ ਕੌਰ** ਦੇ ਯਤਨਾਂ ਸਦਕਾ ਮਿਤੀ 13 ਨਵੰਬਰ 2018 ਨੂੰ ਕਾਲਜ ਵਿਖੇ ਪੰਜਾਬ ਲਲਿਤ ਕਲਾ ਅਕਾਦਮੀ, ਚੰਡੀਗੜ੍ਹ ਦੇ ਸਹਿਯੋਗ ਨਾਲ ਇੱਕ ਰੋਜ਼ਾ **ਵਰਕਸ਼ਾਪ** ਦਾ ਆਯੋਜਨ ਕੀਤਾ ਗਿਆ।

ਮਿਤੀ 2-3 ਮਾਰਚ 2019 ਨੂੰ **ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ** ਨੂੰ ਸਮਰਪਿਤ ਵਿਭਾਗ ਦੇ ਸਾਬਕਾ ਵਿਦਿਆਰਥੀਆਂ ਦੀ ਦੋ ਰੋਜ਼ਾ **ਵਰਕਸ਼ਾਪ** ਦਾ ਆਯੋਜਨ ਕੀਤਾ ਗਿਆ।

## 36. ਪੋਸਟ ਗ੍ਰੈਜੂਏਟ ਡਿਪਾਰਟਮੈਂਟ ਆਫ਼ ਫ਼ੈਸ਼ਨ ਡਿਜ਼ਾਇਨਿੰਗ ਐਂਡ ਹੋਮ ਸਾਇੰਸ:

ਵਿਭਾਗ ਦੇ ਮੁਖੀ **ਡਾ. ਬਲਵੀਰ ਕੌਰ** ਦੀ ਯੋਗ ਅਗਵਾਈ ਹੇਠ ਮਿਤੀ 21 ਅਗਸਤ 2018 ਨੂੰ ਵਿਭਾਗ ਵਿਖੇ **ਰੰਗੋਲੀ ਕੰਪੀਟੀਸ਼ਨ** ਕਰਵਾਇਆ ਗਿਆ ਜਿਸ ਵਿੱਚ ਕਾਲਜ ਦੇ ਵੱਖ-ਵੱਖ ਵਿਭਾਗਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ।

ਮਿਤੀ 6 ਸਤੰਬਰ 2018 ਨੂੰ ਖੇਤਰੀ ਯੁਵਕ ਮੇਲਾ ਅਤੇ ਲੋਕ ਮੇਲਾ ਦੀ ਤਿਆਰੀ ਨੂੰ ਮੁੱਖ ਰੱਖਦੇ ਹੋਏ ਵੱਚ-ਵੱਖ ਵਿਭਾਗਾਂ ਦੇ ਵਿਦਿਆਰਥੀਆਂ ਦਾ **ਲੋਕ ਕਲਾਵਾਂ ਦੀਆਂ ਵੱਖ-ਵੱਖ ਵੰਨਗੀਆਂ** ਦਾ ਮੁਕਾਬਲਾ ਕਰਵਾਇਆ ਗਿਆ।

ਮਿਤੀ 01 ਫਰਵਰੀ 2019 ਨੂੰ ਹਸਤਕਾਰੀ ਨਾਲ ਸਬੰਧਤ **ਪ੍ਰਦਰਸ਼ਨੀ** ਲਗਾਈ ਗਈ ਜਿਸ ਵਿੱਚ ਬੀ.ਏ. ਕਲਾਸਾਂ ਅਤੇ ਫੈਸ਼ਨ ਡਿਜ਼ਾਇੰਨਿੰਗ ਦੇ ਵਿਦਿਆਰਥੀਆਂ ਦੁਆਰਾ ਹੱਥਾਂ ਦੀ ਕਢਾਈ, ਬਲਾਕ ਪ੍ਰੀਟਿੰਗ, ਸਕਰੀਨ ਪ੍ਰੀਟਿੰਗ, ਸਟੈਨਸਿਲ ਪ੍ਰੀਟਿੰਗ ਅਤੇ ਮਿੱਥਲਾ ਆਰਟਸ ਦੀਆਂ ਤਿਆਰ ਕੀਤੀਆਂ ਵਸਤਾਂ ਪ੍ਰਦਰਸ਼ਿਤ ਕੀਤੀਆਂ ਗਈਆਂ।

ਮਿਤੀ 05 ਮਾਰਚ 2019 ਨੂੰ **Microwave Cooking** ’ਤੇ ਇੱਕ ਰੋਜ਼ਾ **ਵਰਕਸ਼ਾਪ** ਲਗਾਈ ਗਈ ਜਿਸ ਵਿੱਚ **IFB** ਦੇ ਮਾਹਿਰ **ਸੈਫ਼** ਨੇ ਭਿੰਨ-ਭਿੰਨ ਤਰ੍ਹਾਂ ਦੀਆਂ ਰੈਸਪੀ ਬਾਰੇ **ਡੈਮੋਨਸਟ੍ਰੇਸ਼ਨ** ਦਿੱਤੀ।

ਮਿਤੀ 12 ਮਾਰਚ 2019 ਨੂੰ ਵਿਭਾਗ ਵੱਲੋਂ ਐਮ.ਐਸਸੀ. ਫੈਸ਼ਨ ਡਿਜ਼ਾਇੰਨਿੰਗ ਭਾਗ ਪਹਿਲਾ ਅਤੇ ਭਾਗ ਦੂਜਾ ਦੀਆਂ ਵਿਦਿਆਰਥਣਾਂ ਦੀ **Monte Carlo** ਲੁਧਿਆਣਾ ਵਿਖੇ ਇੰਡਸਟਰੀ **ਵਿਜ਼ਟ** ਕਰਵਾਈ ਗਈ।

## 37. ਪੋਸਟ ਗ੍ਰੈਜੂਏਟ ਇਤਿਹਾਸ ਵਿਭਾਗ:

ਵਿਭਾਗ ਦੇ ਮੁਖੀ **ਡਾ. ਹਰਜੀਤ ਕੌਰ** ਦੇ ਯਤਨਾਂ ਸਦਕਾ ਮਿਤੀ 26 ਫਰਵਰੀ 2019 ਨੂੰ **ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ** ਨੂੰ ਸਮਰਪਿਤ ਵਿਭਾਗ ਦੇ ਅੰਡਰ ਗ੍ਰੈਜੂਏਟ ਅਤੇ ਪੋਸਟ ਗ੍ਰੈਜੂਏਟ ਕਲਾਸਾਂ ਦੇ ਵਿਦਿਆਰਥੀਆਂ ਦਾ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਵਿਸ਼ਿਆਂ ’ਤੇ **ਪੇਪਰ ਰੀਡਿੰਗ ਮੁਕਾਬਲਾ** ਕਰਵਾਇਆ ਗਿਆ।

## 38. ਪੋਸਟ ਗ੍ਰੈਜੂਏਟ ਰਾਜਨੀਤੀ ਵਿਗਿਆਨ ਵਿਭਾਗ:

ਵਿਭਾਗ ਦੇ ਮੁਖੀ **ਡਾ. ਜਗਤਾਰ ਸਿੰਘ** ਦੀ ਯੋਗ ਅਗਵਾਈ ਅਧੀਨ ਵਿਭਾਗ ਵੱਲੋਂ ਇਸ ਸੈਸ਼ਨ ਦੌਰਾਨ ਮਿਤੀ 15 ਅਕਤੂਬਰ 2018 ਨੂੰ ਨਵੀਆ ਵੋਟਾਂ ਬਣਾਉਣ ਲਈ ਵੋਟਰ ਰਜਿਸਟ੍ਰੇਸ਼ਨ ਫ਼ਾਰਮ ਭਰਵਾਉਣ ਸਬੰਧੀ **ਕੈਂਪ ਦਾ ਆਯੋਜਨ** ਕੀਤਾ ਗਿਆ।

ਮਿਤੀ 25 ਜਨਵਰੀ 2019 ਨੂੰ ਵਿਭਾਗ ਵੱਲੋਂ ਐਨ.ਐਸ.ਐਸ. ਵਿਭਾਗ ਦੇ ਸਹਿਯੋਗ ਨਾਲ **ਰਾਸ਼ਟਰੀ ਵੋਟਰ ਦਿਵਸ** ਮਨਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਨੂੰ ਵੋਟ ਦੇ ਅਧਿਕਾਰ ਦੀ ਸਹੀ ਵਰਤੋਂ ਕਰਨ ਦੀ **ਸਹੁੰ ਚੁਕਾਈ** ਗਈ।

**39. ਧਰਮ ਅਧਿਐਨ ਵਿਭਾਗ:**

ਵਿਭਾਗ ਦੇ ਮੁਖੀ **ਡਾ. ਗੁਰਵੀਰ ਸਿੰਘ** ਦੀ ਯੋਗ ਅਗਵਾਈ ਹੇਠ ਵਿਭਾਗ ਦੇ 20 ਵਿਦਿਆਰਥੀਆਂ ਨੇ ਮਿਤੀ 4-7 ਅਕਤੂਬਰ 2018 ਨੂੰ ਫਤਹਿਗੜ੍ਹ ਸਾਹਿਬ ਵਿਖੇ ਆਯੋਜਿਤ ਕੀਤੇ ਗਏ **ਵਿਰਸਾ ਕੈਂਪ** ਵਿੱਚ **ਸ਼ਮੂਲੀਅਤ** ਕੀਤੀ।

ਵਿਭਾਗ ਦੇ ਦੋ ਵਿਦਿਆਰਥੀਆਂ ਨੇ **ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ** ਵੱਲੋਂ ਲਈ ਗਈ **ਧਾਰਮਿਕ ਪ੍ਰੀਖਿਆ** ਵਿੱਚ **ਵਜ਼ੀਫ਼ਾ** ਪ੍ਰਾਪਤ ਕੀਤਾ।

ਮਿਤੀ 28 ਦਸੰਬਰ 2018 ਨੂੰ ਵਿਭਾਗ ਦੇ 30 ਵਿਦਿਆਰਥੀਆਂ ਨੇ ਫਤਹਿਗੜ੍ਹ ਸਾਹਿਬ ਵਿਖੇ ਕੱਢੇ ਗਏ **ਨਗਰ ਕੀਰਤਨ** ਵਿੱਚ **ਸ਼ਮੂਲੀਅਤ** ਕੀਤੀ।

**40. ਪੋਸਟ ਗ੍ਰੈਜੂਏਟ ਗਣਿਤ ਵਿਭਾਗ:**

ਵਿਭਾਗ ਦੇ ਮੁਖੀ **ਪ੍ਰੋ. ਨਮਰਤਾ** ਦੀ ਸੁਯੋਗ ਅਗਵਾਈ ਅਧੀਨ ਮਿਤੀ 20 ਸਤੰਬਰ 2018 ਨੂੰ **ਭਾਈ ਘਨ੍ਹੱਈਆ ਜੀ ਦੀ 300ਵੀਂ ਬਰਸੀ** ਦੇ ਮੌਕੇ 'ਤੇ ਵਿਦਿਆਰਥੀਆਂ ਦੇ **ਪੇਂਟਿੰਗ ਮੁਕਾਬਲੇ** ਕਰਵਾਏ ਗਏ ਅਤੇ ਵਿਭਾਗ ਦੇ ਅਧਿਆਪਕ ਸਾਹਿਬਾਨ ਤੇ ਵਿਦਿਆਰਥੀਆਂ ਨੇ ਪਿੰਗਲਵਾੜੇ ਵਿਖੇ ਲੋੜੀਂਦੀਆਂ ਵਸਤਾਂ ਵੰਡੀਆਂ।

ਵਿਭਾਗ ਵੱਲੋਂ ਦਿਵਾਲੀ ਦੇ ਤਿਉਹਾਰ ਮੌਕੇ **ਰੰਗਲੀ ਪ੍ਰਤੀਯੋਗਤਾ** ਕਰਵਾਈ ਗਈ।

ਮਿਤੀ 17 ਨਵੰਬਰ 2018 ਨੂੰ ਵਿਦਿਆਰਥੀਆਂ ਦਾ **ਵਿੱਦਿਅਕ ਟੂਰ** ਵਿਰਾਸਤ-ਏ-ਖ਼ਾਲਸਾ ਲਿਜਾਇਆ ਗਿਆ।

ਮਿਤੀ 15 ਫ਼ਰਵਰੀ 2019 ਨੂੰ ਕਾਲਜ ਵਿਖੇ ਆਯੋਜਿਤ ਕੀਤੇ ਗਏ **Spring Spree Fest** ਵਿੱਚ ਵਿਦਿਆਰਥੀਆਂ ਨੇ ਭਾਗ ਲਿਆ।

ਮਿਤੀ 21 ਫ਼ਰਵਰੀ 2019 ਨੂੰ ਵਿਦਿਆਰਥੀਆਂ ਨੇ ਥਾਪਰ ਕਾਲਜ ਪਟਿਆਲਾ ਵਿਖੇ **Scienctific Rangoli ਪ੍ਰਤੀਯੋਗਤਾ** ਵਿੱਚ ਭਾਗ ਲਿਆ।

## 41. ਸਮਾਜ ਵਿਗਿਆਨ ਵਿਭਾਗ:

ਵਿਭਾਗ ਦੇ ਮੁਖੀ **ਪ੍ਰੋ. ਜਤਿੰਦਰ ਸਿੰਘ ਭੂਟਾਲ** ਦੀ ਯੋਗ ਅਗਵਾਈ ਹੇਠ ਮਿਤੀ 16 ਅਕਤੂਬਰ 2018 ਨੂੰ ਵਿਦਿਆਰਥੀਆਂ ਦੀ ਇੰਟਰਨੈਸ਼ਨਲ ਮਾਈਗ੍ਰੇਸ਼ਨ ਵਿਸ਼ੇ 'ਤੇ **ਡਿਬੇਟ** ਕਰਵਾਈ ਗਈ।

ਮਿਤੀ 12 ਨਵੰਬਰ 2018 ਨੂੰ **ਪੋਲਿਟਿਕਸ ਇਨ ਇੰਡੀਆ** ਵਿਸ਼ੇ 'ਤੇ ਵਿਦਿਆਰਥੀਆਂ ਦਾ **ਭਾਸ਼ਣ** ਕਰਵਾਇਆ ਗਿਆ।

ਮਿਤੀ 07 ਫਰਵਰੀ 2019 ਨੂੰ ਕਲਾਸਾਂ ਵਿੱਚ ਵਿਦਿਆਰਥੀਆਂ ਨੂੰ **Value System in Punjabi Culture** ਵਿਸ਼ੇ 'ਤੇ **ਵਿਸ਼ੇਸ਼ ਲੈਕਚਰ** ਦਿੱਤਾ ਗਿਆ।

## 42. ਭੂਗੋਲ ਵਿਭਾਗ:

ਵਿਭਾਗ ਦੇ ਮੁਖੀ **ਡਾ. ਗੋਰਖ ਸਿੰਘ** ਦੀ ਦੇਖ-ਰੇਖ ਹੇਠ ਮਿਤੀ 2-3 ਨਵੰਬਰ 2018 ਨੂੰ **Sustainable Development of Environment** ਵਿਸ਼ੇ 'ਤੇ **ਅੰਤਰਰਾਸ਼ਟਰੀ ਕਾਨਫਰੰਸ** ਆਯੋਜਿਤ ਕੀਤੀ ਗਈ ਜਿਸ ਵਿੱਚ ਭਾਰਤ ਅਤੇ ਹੋਰ ਦੇਸ਼ਾਂ ਤੋਂ ਆਏ ਲਗਭੱਗ **300 ਡੈਲੀਗੇਟਸ** ਨੇ ਆਪਣੇ-ਆਪਣੇ ਖੋਜ ਪੱਤਰ ਪੜ੍ਹੇ।

## 43. ਪੋਸਟ ਗ੍ਰੈਜੂਏਟ ਸੰਗੀਤ ਵਿਭਾਗ (ਗਾਇਨ)

ਵਿਭਾਗ ਦੇ ਮੁਖੀ **ਡਾ. ਜਗਜੀਤ ਸਿੰਘ** ਦੀ ਦੇਖ-ਰੇਖ ਅਧੀਨ ਮਿਤੀ 06 ਅਗਸਤ 2018 ਨੂੰ ਕਾਲਜ ਦੇ ਗੁਰਦੁਆਰਾ ਸਾਹਿਬ ਵਿਖੇ ਸ਼ਬਦ **ਸ੍ਰੀ ਹਰਕ੍ਰਿਸ਼ਨ ਧਿਆਈਐ** ਵਿਸ਼ੇ 'ਤੇ **ਪੋਸਟਰ ਰੀਲਿਜ਼** ਕੀਤਾ ਗਿਆ।

ਮਿਤੀ 07 ਅਗਸਤ 2018 ਨੂੰ SPIC MACAY ਦੇ ਸਹਿਯੋਗ ਨਾਲ ਸੰਗੀਤਕ ਸ਼ਾਮ ਦਾ ਆਯੋਜਨ ਕੀਤਾ ਗਿਆ। ਇਸ ਮੌਕੇ **ਪਦਮ ਸ੍ਰੀ ਸਤਾਰ ਮਾਸਟਰ ਉਸਤਾਦ ਸ਼ਾਹਿਦ ਪ੍ਰਵੇਜ਼** ਅਤੇ **ਤਬਲਾ ਵਾਦਕ ਸ੍ਰੀ ਹਿੰਦੋਲ ਮਜ਼ੂਮਦਾਦ** ਨੇ ਫ਼ਨ ਦਾ ਮੁਜ਼ਾਹਰਾ ਕੀਤਾ।

ਮਿਤੀ 14 ਅਗਸਤ 2018 ਨੂੰ **ਸ. ਪ੍ਰਿਤਮ ਸਿੰਘ ਰੁਪਾਲ** ਦਾ **ਫੋਕ ਗਿਆਨ ਸ਼ੈਲੀਆਂ** ਵਿਸ਼ੇ 'ਤੇ ਲੈਕਚਰ-ਕਮ-ਡੈਮੋਸਟ੍ਰੇਸ਼ਨ ਦਾ ਆਯੋਜਨ ਕੀਤਾ ਗਿਆ।

ਮਿਤੀ 5 ਸਤੰਬਰ 2018 ਨੂੰ ਐਮ.ਏ. ਭਾਗ ਪਹਿਲਾ ਦੇ ਵਿਦਿਆਰਥੀਆਂ ਲਈ **ਓਰੀਐਨਟੇਸ਼ਨ ਪ੍ਰੋਗਰਾਮ** ਦਾ ਆਯੋਜਨ ਕੀਤਾ ਗਿਆ।

ਮਿਤੀ 8 ਫਰਵਰੀ 2019 ਨੂੰ **ਪਦਮ ਬਭੂਸ਼ਣ ਉਸਤਾਦ ਜਗਜੀਤ ਸਿੰਘ** ਜੀ ਦੇ 78ਵੇਂ ਜਨਮ ਸ਼ਤਾਬਦੀ ਨੂੰ ਸਮਰਪਿਤ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ **ਡਾ. ਦਿਨੇਸ਼ ਕੁਮਾਰ ਜੀ** ਦੀ ਸੰਗੀਤਕ ਸ਼ਾਮ ਦਾ ਆਯੋਜਨ ਕੀਤਾ ਗਿਆ।

ਮਿਤੀ 30 ਮਾਰਚ 2019 ਨੂੰ **ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ** ਨੂੰ ਸਮਰਪਿਤ **ਸ੍ਰੀ ਗੁਰੂ ਨਾਨਕ ਦੇਵ ਜੀ** ਨਾਲ ਸਬੰਧਤ **ਰਾਸ਼ਟਰੀ ਸੈਮੀਨਾਰ** ਦਾ ਆਯੋਜਨ ਕੀਤਾ ਗਿਆ।

# ਵੋਕੇਸ਼ਨਲ ਕੋਰਸ

## 44. ਬੀ.ਵਾਕ. ਫੂਡ ਪ੍ਰੋਸੈਸਿੰਗ ਅਤੇ ਇੰਜੀਨੀਅਰਿੰਗ ਵਿਭਾਗ:

ਵਿਭਾਗ ਦੇ ਇੰਚਾਰਜ **ਪ੍ਰੋ. ਰੋਜ਼ੀ ਬਾਂਸਲ** ਦੀ ਯੋਗ ਅਗਵਾਈ ਅਧੀਨ ਮਿਤੀ 23 ਅਗਸਤ 2018 ਨੂੰ ਵਿਭਾਗ ਦੇ ਤਿੰਨ ਵਿਦਿਆਰਥੀਆਂ ਨੇ ਹੋਮ ਸਾਇੰਸ ਵਿਭਾਗ ਵੱਲੋਂ ਕਰਵਾਏ ਗਏ **Rangoli Competition** ਵਿੱਚ ਭਾਗ ਲਿਆ ਅਤੇ **ਤੀਜਾ ਸਥਾਨ** ਹਾਸਲ ਕੀਤਾ।

ਬੀ.ਵਾਕ. ਭਾਗ ਦੂਜਾ ਦੇ ਵਿਦਿਆਰਥੀਆਂ ਨੇ ਮਿਤੀ 16 ਅਕਤੂਬਰ 2018 ਨੂੰ **ਕਿਸਾਨ ਮੇਲਾ** ਅਤੇ **Agro Industrial Exhibition** ਵਿੱਚ ਭਾਗ ਲਿਆ ਅਤੇ ਡੱਬਾਬੰਦੀ ਦੀਆਂ ਨਵੀਆਂ ਤਕਨੀਕਾਂ ਬਾਰੇ ਗਿਆਨ ਹਾਸਿਲ ਕੀਤਾ।

ਵਿਭਾਗ ਦੇ ਦੋ ਵਿਦਿਆਰਥੀਆਂ ਨੇ ਮਿਤੀ 26 ਅਕਤੂਬਰ 2018 ਨੂੰ **Inter Institutional Science Fair** ਵਿੱਚ **Poster Making** ਅਤੇ **Model Making ਪ੍ਰਤੀਯੋਗਤਾ** ਵਿੱਚ ਭਾਗ ਲਿਆ ਜਿਸ ਦੌਰਾਨ **ਜਸਪ੍ਰੀਤ ਸਿੰਘ** ਨੇ **ਪਹਿਲਾ ਸਥਾਨ** ਹਾਸਲ ਕੀਤਾ।

ਮਿਤੀ 30 ਅਕਤੂਬਰ 2018 ਨੂੰ ਵਿਭਾਗ ਵੱਲੋਂ **Bake O Cake** ਵਿਸ਼ੇ ’ਤੇ **ਵਰਕਸ਼ਾਪ** ਲਗਾਈ ਗਈ ਜਿਸ ਵਿੱਚ ਵਿਦਿਆਰਥੀਆਂ ਨੇ ਬਰੈਡ, ਬਿਸਕੁਟ ਬਣਾਉਣ ਦੀਆਂ ਵਿਧੀਆਂ ਅਤੇ ਤਕਨੀਕਾਂ ਬਾਰੇ ਜਾਣਕਾਰੀ ਹਾਸਲ ਕੀਤੀ।

ਮਿਤੀ 21 ਫ਼ਰਵਰੀ 2019 ਨੂੰ ਵਿਭਾਗ ਦੇ ਚਾਰ ਵਿਦਿਆਰਥੀਆਂ ਨੇ ਥਾਪਰ ਇੰਸੀਟੀਚਿਊਟੀ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ, ਪਟਿਆਲਾ ਵਿਖੇ ਆਯੋਜਿਤ ਕੀਤੇ ਗਏ **Heritage Quiz** ਵਿੱਚ ਭਾਗ ਲਿਆ।

ਮਿਤੀ 21 ਫ਼ਰਵਰੀ 2019 ਨੂੰ ਵਿਭਾਗ ਦੇ ਵਿਦਿਆਰਥੀਆਂ ਨੇ ਬਾਰਾਂਦਰੀ ਗਾਰਡਨ ਪਟਿਆਲਾ ਵਿਖੇ **Flower and Food Fest** ਦਾ ਦੌਰਾ ਕੀਤਾ ਅਤੇ ਉਨ੍ਹਾਂ ਨੇ ਆਰਗੈਨਿਕ ਅਚਾਰ, ਚਟਨੀਆਂ, ਸਬਜੀਆਂ, ਸ਼ਹਿਦ ਆਦਿ ਨਾਲ ਸਬੰਧਤ ਤਕਨੀਕਾਂ ਬਾਰੇ ਅਤੇ ਹੋਰ ਕਿੱਤਾ ਮੁਖੀ ਕੰਮਾਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ।

## 45. ਬੀ.ਵਾਕ. ਐਗਰੀਕਲਚਰ ਅਤੇ ਗਰੀਨ ਹਾਊਸ ਟੈਕਨਾਲੋਜੀ:

ਬੀ.ਵਾਕ. ਐਗਰੀਕਲਚਰ ਵਿਭਾਗ ਦੇ ਇੰਚਾਰਜ **ਪ੍ਰੋ. ਸੰਦੀਪ ਸਿੰਘ** ਅਤੇ ਗ੍ਰੀਨ ਹਾਊਸ ਟੈਕਨਾਲੋਜੀ ਵਿਭਾਗ ਦੇ ਇੰਚਾਰਜ **ਪ੍ਰੋ. ਜਸਵੀਰ ਸਿੰਘ ਧੀਮਾਨ** ਦੀ ਯੋਗ ਅਗਵਾਈ ਅਧੀਨ ਵਿਭਾਗ ਦੇ ਵਿਦਿਆਰਥੀਆਂ ਦੀਆਂ **07 ਵਿਜ਼ਟ** ਕਰਵਾਈਆ ਗਈਆਂ।

ਮਿਤੀ 21 ਸਤੰਬਰ 2018 ਨੂੰ ਬੀ.ਵਾਕ. ਦੇ ਵਿਦਿਆਰਥੀਆਂ ਦੀ **ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ** ਵਿਖੇ ਲੱਗੇ **ਕਿਸਾਨ ਮੇਲਾ** ਦੀ **ਵਿਜ਼ਟ** ਕਰਵਾਈ ਗਈ।

ਮਿਤੀ 19 ਅਕਤੂਬਰ 2018 ਨੂੰ ਬੀ.ਵਾਕ. ਦੇ ਵਿਦਿਆਰਥੀਆਂ ਦੀ **ਮਾਤਾ ਗੁਜਰੀ ਕਾਲਜ ਫਤਹਿਗੜ੍ਹ** ਵਿਖੇ ਆਯੋਜਿਤ **ਕਿਸਾਨ ਮੇਲਾ** ਦੀ **ਵਿਜ਼ਟ** ਕਰਵਾਈ ਗਈ।

ਮਿਤੀ 22 ਅਕਤੂਬਰ 2018 ਨੂੰ ਬੀ.ਵਾਕ. ਦੇ ਵਿਦਿਅਰਥੀਆਂ **ਦੀ Centre of Excellence Vegetable, Kartarpur Sahib** ਵਿਖੇ **ਵਿਜ਼ਟ** ਕਰਵਾਈ ਗਈ। ਜਿੱਥੇ ਉਨ੍ਹਾਂ ਨੇ ਤੁਪਕਾ ਸਿੰਚਾਈ ਬਾਰੇ ਜਾਣਕਾਰੀ ਹਾਸਲ ਕੀਤੀ।

ਮਿਤੀ 13 ਨਵੰਬਰ 2018 ਨੂੰ ਬੀ.ਵਾਕ. ਦੇ ਵਿਦਿਆਰਥੀਆਂ ਦੀ ਸਟੇਟ ਹਾਰਟੀਕਲਚਰ ਡਿਪਾਰਟਮੈਂਟ, ਪਟਿਆਲਾ ਦੀ ਵਿਜ਼ਿਟ ਕਰਵਾਈ ਗਈ।

ਮਿਤੀ 29 ਨਵੰਬਰ 2018 ਨੂੰ ਬੀ.ਵਾਕ. ਦੇ ਵਿਦਿਆਰਥੀਆਂ ਦੀ **ਡਿਪੋਲਰ ਮੌਸਮ ਵਿਭਾਗ ਪੰਜਾਬੀ ਯੂਨੀਵਰਸਿਟੀ, ਪਟਿਆਲਾ** ਦੀ **ਵਿਜ਼ਟ** ਕਰਵਾਈ ਗਈ ਅਤੇ ਇਸ ਵਿਜ਼ਟ ਵਿੱਚ ਗਰੀਨ ਹਾਊਸ ਦੇ ਵਿਦਿਆਰਥੀਆਂ ਨੇ ਵੀ ਭਾਗ ਲਿਆ।

ਮਿਤੀ 14 ਦਸੰਬਰ 2018 ਨੂੰ ਵਿਭਾਗ ਦੇ ਵਿਦਿਆਰਥੀਆਂ ਦੀ **ਗਲਦਾਊਦੀ ਪ੍ਰਦਰਸ਼ਨੀ, ਬਾਰਾਂਦਰੀ ਗਾਰਡਨ ਪਟਿਆਲਾ** ਦੀ **ਵਿਜ਼ਟ** ਕਰਵਾਈ ਗਈ।

ਮਿਤੀ 21 ਫਰਵਰੀ 2019 ਨੂੰ ਵਿਭਾਗ ਦੇ ਵਿਦਿਆਰਥੀਆਂ ਦੀ **Patiala Heritage Festival-2019** ਦੀ **ਵਿਜ਼ਟ** ਕਰਵਾਈ ਗਈ।

ਉਪਰੋਕਤ ਤੋਂ ਇਲਾਵਾ ਮਿਤੀ 31 ਜਨਵਰੀ 2019 ਨੂੰ ਯੂ.ਜੀ.ਸੀ. ਨਵੀਂ ਵੱਲੋਂ ਨਾਮਜ਼ਦ ਆਫ਼ੀਸ਼ੀਅਲਜ਼ ਦੇ ਕਾਲਜ ਦੌਰੇ ਦੌਰਾਨ ਉਨ੍ਹਾਂ ਵੱਲੋਂ ਵਿਭਾਗ ਅਧੀਨ ਚੱਲ ਰਹੇ **ਪੋਲੀ ਹਾਊਸ** ਅਤੇ **ਖੂੰਭਾਂ ਦੇ ਫਾਰਮ** ਦਾ **ਮੁਆਇਨਾ** ਕੀਤਾ ਗਿਆ।

## 46. ਬੀ.ਵਾਕ. ਆਟੋ ਮੋਬਾਇਲਜ਼ ਐਂਡ ਐਡਵਾਂਸ ਡਿਪਲੋਮਾ ਇਨ ਆਟੋ ਇਲੈਕਟ੍ਰੀਕਲ ਐਂਡ ਇਲੈਕਟ੍ਰੋਨਿਕਸ:

ਵਿਭਾਗ ਦੇ ਇੰਚਾਰਜ **ਪ੍ਰੋ. ਅਰਸ਼ਪ੍ਰੀਤ ਸਿੰਘ** ਦੇ ਯਤਨਾਂ ਸਦਕਾ ਮਿਤੀ 23 ਅਕਤੂਬਰ 2018 ਨੂੰ ਵਿਭਾਗ ਦੇ ਵਿਦਿਆਰਥੀਆਂ ਦੀ **ਰਾਜਧਾਨੀ ਟਾਇਰਜ਼** ਪਟਿਆਲਾ ਦੀ **ਵਿਜ਼ਟ** ਕਰਵਾਈ ਗਈ।

ਮਿਤੀ 01-16 ਜਨਵਰੀ 2019 ਨੂੰ ਸਮੈਸਟਰ ਪਹਿਲਾ ਦੇ ਵਿਦਿਆਰਥੀਆਂ ਦੀ **ਰਾਜਧਾਨੀ ਟਾਇਰਜ਼ ਪਟਿਆਲਾ** ਵਿਚੇ ਟ੍ਰੇਨਿੰਗ ਲਗਾਈ ਗਈ।

ਮਿਤੀ 31 ਜਨਵਰੀ 2019 ਨੂੰ **ਯੂ.ਜੀ.ਸੀ. ਨਵੀਂ ਦਿੱਲੀ** ਵੱਲੋਂ **ਨਾਮਜ਼ਦ ਆਫ਼ੀਸ਼ੀਅਲ** ਵੱਲੋਂ **ਆਟੋ ਮੋਬਾਇਲ ਵਰਕਸ਼ਾਪ** ਦਾ ਮੁਆਇਨਾ ਕੀਤਾ ਗਿਆ।

### 47. ਬੀ.ਵਾਕ. ਸਾਫ਼ਟਵੇਅਰ ਡਿਵੈਲਪਮੈਂਟ:

ਵਿਭਾਗ ਦੇ ਇੰਚਾਰਜ **ਪ੍ਰੋ. ਕਮਲਪ੍ਰੀਤ ਸਿੰਘ** ਦੀ ਯੋਗ ਅਗਵਾਈ ਅਧੀਨ ਮਿਤੀ 01 ਜਨਵਰੀ 2019 ਨੂੰ ਭਾਗ ਤੀਜਾ ਦੇ 17 ਵਿਦਿਆਰਥੀ ਵੱਖ-ਵੱਖ ਆਈ.ਟੀ. ਕੰਪਨੀਆਂ ਵਿੱਚ **6 ਮਹੀਨੇ ਦੀ ਟ੍ਰੇਨਿੰਗ** ਲਈ ਗਏ।

## ਸੈੱਲ, ਕਲੱਬ, ਸੈਂਟਰ ਅਤੇ ਐਸੋਸੀਏਸ਼ਨਾਂ ਦੀਆਂ ਗਤੀਵਿਧੀਆਂ

### 48. ਗੁਰਮਤਿ ਸੁਸਾਇਟੀ ਅਤੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ:

ਗੁਰਮਤਿ ਸੁਸਾਇਟੀ ਅਤੇ ਗੁਰੂ ਗੋਬਿੰਦ ਸਟੱਡੀ ਸਰਕਲ ਦੇ ਕਨਵੀਨਰ **ਪ੍ਰੋ. ਸੁਖਮੋਹਨ ਕੌਰ** ਦੀ ਸੁਚੱਜੀ ਦੇਖ-ਰੇਖ ਅਧੀਨ ਇਸ ਸੁਸਾਇਟੀ ਅਤੇ ਸਰਕਲ ਵੱਲੋਂ ਮਿਤੀ 18 ਜੁਲਾਈ 2018 ਨੂੰ ਕਾਲਜ ਦਾ ਸਥਾਪਨਾ ਦਿਵਸ ਮਨਾਇਆ ਗਿਆ। ਇਸ ਮੌਕੇ **ਡਾ. ਗੁਰਮੀਤ ਸਿੰਘ ਸਿੱਧੂ,** ਮੁਖੀ ਗੁਰੂ ਗੋਬਿੰਦ ਸਿੰਘ ਧਰਮ ਅਧਿਅਨ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਵਿਸ਼ੇਸ਼ **ਲੈਕਚਰ** ਦਿੱਤਾ।

ਮਿਤੀ 12 ਸਤੰਬਰ 2018 ਨੂੰ **ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ** ਨੂੰ ਸਮਰਪਿਤ ਸਮਾਗਮ ਆਯੋਜਿਤ ਕੀਤਾ ਗਿਆ।

22 ਨਵੰਬਰ 2018 ਨੂੰ **ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ** ਮਨਾਇਆ ਗਿਆ। ਇਸ ਮੌਕੇ **ਸੁਖਮਨੀ ਸਾਹਿਬ** ਦਾ ਪਾਠ ਕੀਤੇ ਗਏ ਅਤੇ **ਅਤੁੱਟ ਲੰਗਰ** ਵਰਤਾਏ ਗਏ।

ਮਿਤੀ 24 ਦਸੰਬਰ 2018 ਨੂੰ **ਚਾਰ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ** ਨੂੰ ਸਮਰਪਿਤ **ਨਾਮ ਸਿਮਰਨ** ਕੀਤਾ ਗਿਆ।

ਮਿਤੀ 14 ਫਰਵਰੀ 2019 ਨੂੰ **ਅਰਦਾਸ ਦਿਵਸ** ਮਨਾਇਆ ਗਿਆ ਜਿਸ ਮੌਕੇ ਕਾਲਜ ਪ੍ਰਿੰਸੀਪਲ **ਡਾ. ਧਰਮਿੰਦਰ ਸਿੰਘ ਉੱਭਾ** ਨੇ ਵਿਦਿਆਰਥੀਆਂ ਨੂੰ ਸੰਬੋਧਿਤ ਕੀਤਾ। **ਅਤੁੱਟ ਲੰਗਰ** ਵੀ ਵਰਤਾਏ ਗਏ।

ਉਪਰੋਕਤ ਤੋਂ ਇਲਾਵਾ ਇਸ ਸੁਸਾਇਟੀ ਅਤੇ ਸਰਕਲ ਦੇ ਉੱਤਮ ਯਤਨਾਂ ਸਦਕਾ ਕਾਲਜ ਦੇ ਗੁਰਦੁਆਰਾ ਸਾਹਿਬ ਵਿਖੇ ਹਰ ਮਹੀਨੇ **ਸੰਗਰਾਂਦ** ਦਾ ਦਿਹਾੜਾ ਮਨਾਇਆ ਗਿਆ।

## 49. ਯੂਥ ਕਲੱਬ ਅਤੇ ਰੈੱਡ ਕਰਾਸ ਸੁਸਾਇਟੀ:

**ਡਾ. ਸਰਬਜੀਤ ਸਿੰਘ ਆਹਲੂਵਾਲੀਆ** ਦੇ ਯਤਨਾਂ ਸਦਕਾ ਇਸ ਕਲੱਬ ਅਤੇ ਸੁਸਾਇਟੀ ਵੱਲੋਂ ਮਿਤੀ 14 ਨਵੰਬਰ 2018 ਨੂੰ **ਡਾ. ਇੰਦਰਜੀਤ ਸਿੰਘ** ਫੋਰੈਂਸਿਕ ਵਿਦਵਾਨ ਅਤੇ ਐਡਵੋਕੇਟ ਦਾ **ਫਿੰਗਰ ਪ੍ਰੀਟਿੰਸ** ਵਿਸ਼ੇ 'ਤੇ **ਲੈਕਚਰ** ਕਰਵਾਇਆ ਗਿਆ।

ਮਿਤੀ 15 ਨਵੰਬਰ 2018 ਨੂੰ ਇਸ ਕਲੱਬ ਅਤੇ ਸੁਸਾਇਟੀ ਵੱਲੋਂ ਕੋਲੰਬੀਆ ਏਸ਼ੀਆ ਹਸਪਤਾਲ, ਪਟਿਆਲਾ ਦੇ ਸਹਿਯੋਗ ਨਾਲ **Multi-Speciality** ਕੈਂਪ ਲਗਾਇਆ ਗਿਆ।

ਮਿਤੀ 20 ਅਕਤੂਬਰ 2018 ਨੂੰ ਇਸੇ ਹੀ ਕਲੱਬ ਅਤੇ ਸੁਸਾਇਟੀ ਵੱਲੋਂ **Vigilance Bureau Unit, Patiala** ਦੇ ਸਹਿਯੋਗ ਨਾਲ ਭ੍ਰਿਸ਼ਟਾਚਾਰ ਭਜਾਓ ਅਤੇ ਨਵਾਂ ਭਾਰਤ ਬਣਾਓ ਦੇ ਵਿਸ਼ੇ ਅਧੀਨ **Vigilance Awareness Week** ਮਨਾਇਆ ਗਿਆ।

## 50. ਗਰੀਵੈਂਸ ਸੈੱਲ:

**ਡਾ. ਜਗਜੀਤ ਸਿੰਘ** ਦੀ ਦੇਖ-ਰੇਖ ਹੇਠ ਚੱਲ ਰਹੇ ਗਰੀਵੈਂਸ ਸੈੱਲ ਦੁਆਰਾ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਅਤੇ ਸੁਝਾਵਾਂ ਨੂੰ ਸੁਣਿਆ ਗਿਆ ਅਤੇ ਪ੍ਰਿੰਸੀਪਲ ਸਾਹਿਬ ਨੂੰ ਇਨ੍ਹਾਂ ਤੋਂ ਜਾਣੂ ਕਰਵਾਇਆ ਗਿਆ। ਪ੍ਰਿੰਸੀਪਲ ਸਾਹਿਬ ਨੇ ਇਨ੍ਹਾਂ ਪਹੁੰਚੀਆਂ ਹੋਈਆਂ ਸ਼ਕਾਇਤਾਂ ਅਤੇ ਸੁਝਾਵਾਂ ਦੇ ਹੱਲ ਸਬੰਧੀ ਲੋੜੀਂਦੀ ਕਾਰਵਾਈ ਕੀਤੀ।

## 51. ਪੀ.ਟੀ.ਏ. ਸੈੱਲ:

ਪੀ.ਟੀ.ਏ. ਸੈੱਲ ਦੇ ਕਨਵੀਨਰ **ਡਾ. ਅੰਜੂ ਖੁੱਲਰ** ਦੀ ਦੇਖ-ਰੇਖ ਹੇਠ ਮਿਤੀ 16 ਨਵੰਬਰ 2018 **ਪੇਰੈਂਟਸ-ਟੀਚਰਜ਼ ਐਸੋਸੀਏਸ਼ਨ** ਦੀ **ਮੀਟਿੰਗ** ਕਰਵਾਈ ਗਈ ਜਿਸ ਦੌਰਾਨ ਵਿਦਿਆਰਥੀਆਂ ਦੇ ਮਾਪਿਆਂ ਨੂੰ ਉਨ੍ਹਾਂ ਦੇ ਬੱਚਿਆਂ ਦੇ ਮਿਡ ਸਮੈਸਟਰ ਇਮਤਿਹਾਨਾਂ ਦੇ ਅੰਕ, ਲੈਕਚਰਾਂ, ਕਲਾਸਾਂ ਵਿੱਚ ਕਾਰਗੁਜ਼ਾਰੀ, ਕਾਲਜ ਵੱਲੋਂ ਲਗਾਈਆਂ ਜਾਣ ਵਾਲੀਆਂ ਕੋਚਿੰਗ ਅਤੇ ਰਮੀਡੀਅਲ ਕਲਾਸਾਂ ਸਬੰਧੀ ਜਾਣਕਾਰੀ ਦਿੱਤੀ ਗਈ ਅਤੇ ਫੀਡ ਬੈਕ ਪ੍ਰੋਫਾਰਮੇ ਭਰਵਾਏ ਗਏ। ਇਸ ਸੈੱਲ ਵੱਲੋਂ ਤਕਰੀਬਨ 1700 ਵਿਦਿਆਰਥੀਆਂ ਦੇ ਮਾਪਿਆਂ ਨੂੰ ਮੇਲ ਰਾਹੀਂ ਦੀਵਾਲੀ ਦੀਆਂ ਮੁਬਾਰਕਾਂ ਦਿੱਤੀਆਂ।

## 52. ਓਲਡ ਸਟੂਡੈਂਟਸ ਐਸੋਸੀਏਸ਼ਨ (ਓ.ਐਸ.ਏ.):

ਐਸੋਸੀਏਸ਼ਨ ਦੇ ਕਨਵੀਨਰ **ਪ੍ਰੋ. ਜਸਪ੍ਰੀਤ ਕੌਰ** ਦੇ ਉੱਦਮ ਸਦਕਾ ਮਿਤੀ 19 ਮਈ 2018 ਨੂੰ ਓ.ਐਸ.ਏ. ਨਾਲ ਸਬੰਧਤ ਪ੍ਰੋਗਰਾਮ ਆਯੋਜਿਤ ਕੀਤਾ ਗਿਆ ਜਿਸ ਦੋਰਾਨ **ਡਾ. ਸੁਖਜੀਤ ਸਿੰਘ ਚਹਿਲ,** ਸਰਜਨ ਇਨ ਅਮਰੀਕਾ, ਨੇ ਮੁੱਖ ਮਹਿਮਾਨ ਦੇ ਤੌਰ ’ਤੇ ਸ਼ਿਰਕਤ ਕੀਤੀ।

ਇਸ ਸੈਸ਼ਨ ਦੋਰਾਨ ਕਾਲਜ ਵੱਲੋਂ ਵੱਖ-ਵੱਖ ਖੇਤਰਾਂ ਵਿੱਚ ਮਾਣਮੱਤੀਆਂ ਪ੍ਰਾਪਤੀਆਂ ਕਰਨ ’ਤੇ ਛੇ ਸਾਬਕਾ ਵਿਦਿਆਰਥੀ **ਡਾ. ਤਾਰਾ ਸਿੰਘ ਸੰਧੂ, ਡਾ. ਅਵਤਾਰ ਸਿੰਘ, ਸ਼੍ਰੀਮਤੀ ਜਗਜੀਤ ਕੌਰ ਬਾਜਵਾ, ਸ. ਉਂਕਾਰ ਸਿੰਘ, ਸ਼੍ਰੀ ਮਦਨ ਚੌਹਾਨ,** ਅਤੇ **ਬੀਬਾ ਅਫ਼ਸ਼ਾਨਾਂ** ਨੂੰ **ਕਾਲਜ ਰਤਨ ਐਵਾਰਡ** ਨਾਲ ਸਨਮਾਨਿਤ ਕੀਤਾ ਗਿਆ।

ਮਿਤੀ 19 ਨਵੰਬਰ 2018 ਨੂੰ ਓ.ਐਸ.ਏ. ਨਾਲ ਸਬੰਧਤ ਪ੍ਰੋਗਰਾਮ ਆਯੋਜਿਤ ਕੀਤਾ ਗਿਆ ਜਿਸ ਦੌਰਾਨ **ਸ. ਦਰਸ਼ਨ ਸਿੰਘ ਧਾਲੀਵਾਲ** ਨੂੰ ਵਪਾਰ, ਕਾਰੋਬਾਰ ਅਤੇ ਪਰਉਪਕਾਰ ਦੇ ਖੇਤਰ ਵਿੱਚ ਵਧੀਆ ਕਾਰਗੁਜਾਰੀ ਕਰਕੇ **ਕਾਲਜ ਰਤਨ ਐਵਾਰਡ** ਨਾਲ ਸਨਮਾਨਿਤ ਕੀਤਾ ਗਿਆ।

## 53. ਪਬਲੀਕੇਸ਼ਨ ਸੈੱਲ:

**ਡਾ. ਪੁਸ਼ਪਿੰਦਰ ਕੌਰ**, ਡੀਨ ਪ੍ਰੈਸ ਐਂਡ ਪਬਲੀਕੇਸ਼ਨ ਦੀ ਸੁਯੋਗ ਅਗਵਾਈ ਅਧੀਨ ਚੱਲ ਰਹੇ ਪਬਲੀਕੇਸ਼ਨ ਸੈੱਲ ਵੱਲੋਂ ਇਸ ਸੈਸ਼ਨ ਦੌਰਾਨ ਚਾਰ ਪੁਸਤਕਾਂ, ਜਿਨ੍ਹਾਂ ਵਿੱਚ ਇੱਕ ਪਾਠ ਪੁਸਤਕ ਅਤੇ ਤਿੰਨ ਕਾਨਫ਼ਰੰਸ ਪ੍ਰੋਸੀਡਿੰਗਜ਼ ਹਨ ਪ੍ਰਕਾਸ਼ਿਤ ਕੀਤੀਆਂ ਗਈਆਂ। ਪਹਿਲੀ, ਅੰਗ੍ਰੇਜ਼ੀ ਵਿਭਾਗ ਵੱਲੋਂ **Compendium of Selected Essays** ਪਾਠ ਪੁਸਤਕ ਜਿਸ ਦੇ ਮੁੱਖ ਸੰਪਾਦਕ **ਡਾ. ਦੀਪਇੰਦਰਜੀਤ ਰੰਧਾਵਾ,** ਸੰਪਾਦਕ **ਪ੍ਰੋ. ਜਸਪ੍ਰੀਤ ਕੌਰ, ਪ੍ਰੋ. ਨਵਦੀਪ ਕੌਰ** ਅਤੇ **ਡਾ. ਜਸਲੀਨ ਕੌਰ ਨੰਦਾ** ਹਨ। ਦੂਸਰੀ, ਸਕੂਲ ਆਫ਼ ਕਾਮਰਸ ਐਂਡ ਮੈਨੇਜਮੈਂਟ ਵੱਲੋਂ **Leadership Wisdom Diverse Perspectives** ਪੁਸਤਕ ਪ੍ਰਕਾਸ਼ਿਤ ਕੀਤੀ ਗਈ ਜਿਸ ਦੇ ਸੰਪਾਦਕ **ਡਾ. ਧਰਮਿੰਦਰ ਸਿੰਘ ਉੱਭਾ** ਅਤੇ **ਡਾ. ਜਸਲੀਨ ਕੌਰ** ਹਨ। ਤੀਸਰੀ, ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਵੱਲੋਂ **ਪੰਜਾਬੀ ਭਾਸ਼ਾ: ਸਥਿਤੀ ਤੇ ਸੰਭਾਵਨਾਵਾਂ** ਪੁਸਤਕ ਜਿਸ ਦੇ ਮੁੱਖ ਸੰਪਾਦਕ **ਡਾ. ਧਰਮਿੰਦਰ ਸਿੰਘ ਉੱਭਾ** ਸੰਪਾਦਕ, ਸੰਪਾਦਕ **ਪ੍ਰੋ. ਪਰਮਜੀਤ ਕੌਰ**, **ਡਾ. ਪੁਸ਼ਪਿੰਦਰ ਕੌਰ, ਪ੍ਰੋ. ਸੁਖਮੋਹਨ ਕੌਰ, ਡਾ. ਦਵਿੰਦਰ ਸਿੰਘ, ਡਾ. ਸਰਬਜੀਤ ਸਿੰਘ** ਅਤੇ **ਡਾ. ਜਸਵਿੰਦਰ ਸਿੰਘ** ਹਨ। ਚੌਥੀ, ਪੋਸਟ ਗ੍ਰੈਜੂਏਟ ਸੰਗੀਤ ਗਾਇਨ ਵਿਭਾਗ ਵੱਲੋਂ **Classical Music, Semi-classical Music & Light Music in the Present Perspective** ਪੁਸਤਕ ਪ੍ਰਕਾਸ਼ਿਤ ਕੀਤੀ ਗਈ ਜਿਸ ਦੇ ਸੰਪਾਦਕ **ਡਾ. ਜਗਜੀਤ ਸਿੰਘ, ਡਾ. ਤਜਿੰਦਰ ਪਾਲ ਸਿੰਘ** ਅਤੇ **ਡਾ. ਗੋਰੀ ਖੰਨਾ** ਹਨ।

## 54. ਲੜਕੀਆਂ ਭਲਾਈ ਕਮੇਟੀ ਅਤੇ ਨੰਨ੍ਹੀ ਛਾਂ ਸੈੱਲ:

ਲੜਕੀਆਂ ਭਲਾਈ ਕਮੇਟੀ ਦੇ ਡੀਨ **ਪ੍ਰੋ. ਸੁਖਮੀਨ ਕੌਰ** ਅਤੇ ਨੰਨ੍ਹੀ ਛਾਂ ਸੈੱਲ ਦੇ ਕਨਵੀਨਰ **ਡਾ. ਬਲਵੀਰ ਕੌਰ** ਦੀ ਸੁਯੋਗ ਅਗਵਾਈ ਅਧੀਨ ਇਸ ਕਮੇਟੀ ਅਤੇ ਸੈੱਲ ਵੱਲੋਂ ਮਿਤੀ 31 ਅਕਤੂਬਰ 2018 ਨੂੰ **ਡਾ. ਦਲਜੀਤ ਕੋਰ**, ਐਮ.ਡੀ.ਗਾਇਨੀ, ਪ੍ਰਾਇਮ ਮਲਟੀ ਸਪੈਸ਼ਲਿਸਟ ਹਸਪਤਾਲ ਪਟਿਆਲਾ ਦਾ **ਨਾਬਾਲਗਾਂ ਦੀ ਸਿਹਤ ਅਤੇ ਸੰਭਾਲ** ਵਿਸ਼ੇ 'ਤੇ **ਲੈਕਚਰ** ਕਰਵਾਇਆ ਗਿਆ।

ਮਿਤੀ 30 ਜਨਵਰੀ 2019 ਨੂੰ **ਡਾ. ਬਲਬੀਰ ਕੌਰ,** ਮੁਖੀ ਹੋਮ ਸਾਇੰਸ ਵਿਭਾਗ ਦਾ **Healthy Eating Habits** ਵਿਸ਼ੇ 'ਤੇ **ਲੈਕਚਰ** ਕਰਵਾਇਆ ਗਿਆ।

## 55. ਕੈਮ ਕਲੱਬ:

ਪੋਸਟ ਗ੍ਰੈਜੂਏਟ ਕੈਮਿਸਟਰੀ ਵਿਭਾਗ ਅਧੀਨ **ਪ੍ਰੋ. ਮੋਨਿਕਾ ਬਾਂਸਲ** ਦੀ ਦੇਖ-ਰੇਖ ਹੇਠ ਚੱਲ ਰਹੇ ਕੈਮ ਕਲੱਬ ਵੱਲੋਂ ਇਸ ਸੈਸ਼ਨ ਦੌਰਾਨ ਮਿਤੀ 30 ਅਗਸਤ 2018 ਨੂੰ **ਡਾ. ਜਸਪ੍ਰੀਤ ਸਿੰਘ,** ਐਸੋਸੀਏਟ ਪ੍ਰੋਫੈਸਰ ਅਤੇ ਡਾਇਰੈਕਟਰ ਆਫ਼ ਆਰ ਐਂਡ ਡੀ Florida University Lake Land, U.S.A. ਦਾ **Solar Thermal Storage for Concentrated Solar Power Plant** ਵਿਸ਼ੇ 'ਤੇ **ਲੈਕਚਰ** ਕਰਵਾਇਆ ਗਿਆ।

ਮਿਤੀ 20 ਸਤੰਬਰ 2018 ਨੂੰ **ਭਾਈ ਘੱਨ੍ਹਈਆ ਜੀ ਦੇ ਜਨਮ ਦਿਵਸ** ਨੂੰ ਸਮਰਪਿਤ **Solar Community Service Day** ਮਨਾਇਆ ਗਿਆ। ਇਸ ਮੌਕੇ ਮਾਤਾ ਗੁਜਰੀ ਸਹਾਰਾ ਟਰੱਸਟ, ਕੱਲਰ ਭੈਣੀ ਵਿਖੇ ਅਨਾਥ ਬੱਚਿਆਂ ਨੂੰ ਸਟੇਸ਼ਨਰੀ ਅਤੇ ਖਾਣ-ਪੀਣ ਦਾ ਸਮਾਨ ਵੰਡਿਆ ਗਿਆ। ਇਸ ਮੌਕੇ ਵਿਦਿਆਰਥੀਆਂ ਦੀ **Poster Making ਪ੍ਰਤੀਯੋਗਤਾ** ਵੀ ਕਰਵਾਈ ਗਈ।

ਮਿਤੀ 2 ਨਵੰਬਰ 2018 ਨੂੰ ਦੀਵਾਲੀ ਮੌਕੇ ਵਾਤਾਵਰਣ ਨੂੰ ਸਾਫ਼-ਸੁਥਰਾ ਰੱਖਣ ਲਈ **Green Diwali ਰੈਲੀ** ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਵਿਦਿਆਰਥੀਆਂ ਦੀ **ਰੰਗੋਲੀ ਬਣਾਉਣ** ਦੀ **ਪ੍ਰਤੀਯੋਗਤਾ** ਵੀ ਕਰਵਾਈ ਗਈ।

ਮਿਤੀ 28 ਫਰਵਰੀ 2019 ਨੂੰ **Science Day** ਮਨਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਦੀ **Poster Making ਪ੍ਰਤੀਯੋਗਤਾ** ਕਰਵਾਈ ਗਈ।

## 56. ਬੁੱਕ ਕਲੱਬ ਬੀਬਲਿਉਫਾਇਲ:

ਕਾਮਰਸ ਐਂਡ ਮੈਨੇਜਮੈਂਟ ਵਿਭਾਗ ਦੇ ਮੁਖੀ **ਡਾ. ਜਸਲੀਨ ਕੌਰ** ਦੀ ਯੋਗ ਅਗਵਾਈ ਅਤੇ ਕਲੱਬ ਦੇ ਕਨਵੀਨਰ **ਪ੍ਰੋ. ਕੋਮਲਦੀਪ ਰੰਧਾਵਾ** ਦੇ ਯਤਨਾਂ ਸਦਕਾ ਇਸ ਕਲੱਬ ਵੱਲੋਂ **The Wizarding World of Harry Potter** ਗਤੀਵਿਧੀ ਆਯੋਜਿਤ ਕੀਤੀ ਗਈ।

ਕਲੱਬ ਵੱਲੋਂ **Story Completion** ਅਤੇ **Book Discussion** ਗਤੀਵਿਧੀ ਕਰਵਾਈ ਗਈ ਜਿਸ ਦਾ ਮੁੱਖ ਮਕਸਦ ਵਿਦਿਆਰਥੀਆਂ ਅੰਦਰ ਵਿਚਾਰ ਵਟਾਂਦਰਾ ਕਰਨ ਦੀ ਭਾਵਨਾ ਪੈਦਾ ਕਰਨਾ ਅਤੇ ਸਾਹਿਤ ਪੜ੍ਹਨ ਦੀ ਰੁਚੀ ਪੈਦਾ ਕਰਨਾ ਸੀ।

## 57. ਬਰੇਵ ਹਾਰਟਸ ਕਲੱਬ:

ਅੰਗ੍ਰੇਜ਼ੀ ਵਿਭਾਗ ਦੇ ਮੁਖੀ **ਡਾ. ਦੀਪਇੰਦਰਜੀਤ ਰੰਧਾਵਾ** ਦੀ ਯੋਗ ਅਗਵਾਈ ਅਤੇ ਕਲੱਬ ਦੇ ਕਨਵੀਨਰ **ਪ੍ਰੋ. ਜਸਪ੍ਰੀਤ ਕੌਰ** ਦੇ ਯਤਨਾਂ ਸਦਕਾ ਕਲੱਬ ਵੱਲੋਂ ਅਗਸਤ 2018 ਵਿੱਚ ਕੇਰਲਾ ਵਿੱਚ ਹੜ੍ਹ ਤੋਂ ਪ੍ਰਭਾਵਿਤ ਲੋਕਾਂ ਲਈ 15,100/- ਰੁਪਏ ਦੀ ਧਨ ਰਾਸ਼ੀ ਇਕੱਠੀ ਕਰਕੇ ਉਨ੍ਹਾਂ ਦੀ ਆਰਥਿਕ ਮੱਦਦ ਕੀਤੀ ਗਈ।

ਕਲੱਬ ਵੱਲੋਂ **ਭਾਈ ਘੱਨ੍ਹਈਆਂ ਦੇ ਜਨਮ ਦਿਵਸ** ਮੌਕੇ 6010/- ਰੁਪਏ ਦੀ ਧਨ ਰਾਸ਼ੀ ਇਕੱਠੀ ਕਰਕੇ ਸਰਕਾਰੀ ਰਜਿੰਦਰਾ ਹਸਪਤਾਲ ਪਟਿਆਲਾ ਵਿਖੇ ਇਲਾਜ ਅਧੀਨ ਬੱਚਿਆਂ ਨੂੰ ਖਾਣ-ਪੀਣ, ਪਹਿਨਣ ਅਤੇ ਹੋਰ ਜ਼ਰੂਰੀ ਵਸਤੂਆਂ ਵੰਡੀਆਂ ਗਈਆਂ।

## 58. ਡਾ. ਗੰਡਾ ਸਿੰਘ ਕਰੀਅਰ ਗਾਇਡੈਂਸ, ਕਾਊਂਸਲਿੰਗ ਐਂਡ ਪਲੇਸਮੈਂਟ ਸੈਂਟਰ:

**ਡਾ. ਜਸਲੀਨ ਕੌਰ** ਦੀ ਸੁਯੋਗ ਅਗਵਾਈ ਅਧੀਨ ਚੱਲ ਰਹੇ ਇਸ ਸੈਂਟਰ ਵੱਲੋਂ **05 ਸੈਮੀਨਾਰ** ਕਰਵਾਏ ਗਏ।

ਪਹਿਲਾ ਸੈਮੀਨਾਰ ਮਿਤੀ 21 ਅਗਸਤ 2018 ਨੂੰ ਬੀ.ਬੀ.ਏ. ਭਾਗ ਪਹਿਲਾ, ਬੀ.ਬੀ.ਏ. ਭਾਗ ਦੂਜਾ ਅਤੇ ਐਮ.ਬੀ.ਏ. ਭਾਗ ਪਹਿਲਾ ਦੇ ਵਿਦਿਆਰਥੀਆਂ ਲਈ **ਸ਼੍ਰੀ ਹਰਸ਼ਿਤ,** TCS Ion ਦਾ **Summer Training** ਵਿਸ਼ੇ 'ਤੇ ਇੱਕ ਰੋਜ਼ਾ ਸੈਮੀਨਾਰ, ਦੂਸਰਾ ਮਿਤੀ 27 ਅਗਸਤ 2018 ਨੂੰ ਐਮ.ਐਸਸੀ. ਆਈ.ਟੀ. ਭਾਗ ਦੂਜਾ ਅਤੇ ਬੀ.ਸੀ.ਏ. ਭਾਗ ਤੀਜਾ ਦੇ ਵਿਦਿਆਰਥੀਆਂ ਲਈ ਦੇ **ਸ਼੍ਰੀ ਹਰਸ਼ਿਤ,** TCS Ion ਦਾ **Career Guidance of Professional Skills in Business** ਵਿਸ਼ੇ 'ਤੇ **ਇੱਕ ਰੋਜ਼ਾ ਸੈਮੀਨਾਰ,** ਤੀਸਰਾ ਮਿਤੀ 16 ਜਨਵਰੀ 2019 ਨੂੰ ਐਮ.ਬੀ.ਏ., ਐਮ.ਕਾਮ., ਐਮ.ਐਲ.ਡੀ. ਅਤੇ ਐਮ.ਏ. ਇੰਗਲਿਸ਼ ਦੇ ਵਿਦਿਆਰਥੀਆਂ ਲਈ English Piller ਵੱਲੋਂ **Career Opportunities** ਵਿਸ਼ੇ 'ਤੇ **ਇੱਕ ਰੋਜ਼ਾ ਸੈਮੀਨਾਰ**, ਚੌਥਾ ਮਿਤੀ 29 ਜਨਵਰੀ 2019 ਨੂੰ ਐਮ.ਬੀ.ਏ., ਐਮ.ਕਾਮ. ਅਤੇ ਐਮ.ਐਲ.ਡੀ. ਦੇ ਵਿਦਿਆਰਥੀਆਂ ਲਈ **District Bureau of Employment Punjab** ਵੱਲੋਂ **Make it India** ਵਿਸ਼ੇ 'ਤੇ **ਇੱਕ ਰੋਜ਼ਾ ਸੈਮੀਨਾਰ** ਅਤੇ ਪੰਜਵਾਂ ਮਿਤੀ 24 ਫਰਵਰੀ 2019 ਨੂੰ ਬੀ.ਕਾਮ. ਆਨਰਜ਼, ਪੰਜਵਾਂ ਮਿਤੀ 24 ਫਰਵਰੀ 2019 ਨੂੰ ਬੀ.ਕਾਮ. ਆਨਰਜ਼ ਭਾਗ ਦੂਜਾ, ਬੀ.ਬੀ.ਏ. ਭਾਗ ਦੂਜਾ ਅਤੇ ਐਮ.ਬੀ.ਏ. ਭਾਗ ਪਹਿਲਾ ਦੇ ਵਿਦਿਆਰਥੀਆਂ ਲਈ **Ms. Liza, Pro Ace** ਦਾ **Summer Training** ਵਿਸ਼ੇ 'ਤੇ **ਇੱਕ ਰੋਜ਼ਾ ਸੈਮੀਨਾਰ** ਦਾ ਆਯੋਜਨ ਕੀਤਾ ਗਿਆ।

ਇਸ ਸੈਂਟਰ ਵੱਲੋਂ ਇਸ ਸੈਸ਼ਨ ਦੌਰਾਨ **03 ਪਲੇਸਮੈਂਟ ਡਰਾਈਵ** ਕਰਵਾਈਆਂ ਗਈਆਂ। ਪਹਿਲੀ ਮਿਤੀ 16 ਜਨਵਰੀ 2019 ਨੂੰ ਐਮ.ਬੀ.ਏ. ਭਾਗ ਦੂਜਾ ਅਤੇ ਐਮ.ਏ. ਭਾਗ ਦੂਜਾ, ਐਮ.ਐਲ.ਡੀ. ਭਾਗ ਦੂਜਾ ਅਤੇ ਐਮ.ਏ. ਇੰਗਲਿਸ਼ ਭਾਗ ਦੂਜਾ ਦੇ ਵਿਦਿਆਰਥੀਆਂ ਲਈ **English Piller** ਵੱਲੋਂ **Placement Drive,** ਦੂਜੀ ਮਿਤੀ 30 ਜਨਵਰੀ 2019 ਨੂੰ ਐਮ.ਬੀ.ਏ. ਭਾਗ ਦੂਜਾ, ਐਮ.ਏ. ਭਾਗ ਦੂਜਾ, ਬੀ.ਕਾਮ. ਭਾਗ ਤੀਜਾ, ਬੀ.ਬੀ.ਏ. ਭਾਗ ਤੀਜਾ ਅਤੇ ਬੀ.ਏ. ਭਾਗ ਤੀਜਾ ਦੇ ਵਿਦਿਆਰਥੀਆਂ ਲਈ **Sofia Company** ਵੱਲੋਂ **Placement Drive** ਅਤੇ ਤੀਸਰੀ ਮਿਤੀ 08 ਫਰਵਰੀ 2019 ਨੂੰ ਬੀ.ਕਾਮ. (ਆਨਰਜ਼) ਭਾਗ ਤੀਜਾ, ਬੀ.ਕਾਮ. (ਅਕਾਊਂਟਿੰਗ ਐਂਡ ਫਾਇਨਾਂਸ) ਭਾਗ ਤੀਜਾ, ਐਮ. ਕਾਮ. ਭਾਗ ਦੂਜਾ, ਐਮ.ਬੀ.ਏ. ਭਾਗ ਦੂਜਾ, ਬੀ.ਕਾਮ. ਭਾਗ ਤੀਜਾ ਅਤੇ ਬੀ.ਬੀ.ਏ. ਭਾਗ ਤੀਜਾ ਦੇ ਵਿਦਿਆਰਥੀਆਂ ਲਈ **ICIC Prudential** ਦੀ **Placement Drive** ਕਰਵਾਈ ਗਈ।

ਉਪਰੋਕਤ ਤੋਂ ਇਲਾਵਾ ਇਸ ਸੈਂਟਰ ਵੱਲੋਂ ਮਿਤੀ 5 ਨਵੰਬਰ 2018 ਨੂੰ ਬੀ.ਕਾਮ. ਭਾਗ ਤੀਜਾ, ਐਮ.ਬੀ.ਏ. ਭਾਗ ਦੂਜਾ, ਐਮ.ਕਾਮ. ਭਾਗ ਦੂਜਾ, ਬੀ.ਸੀ.ਏ. ਭਾਗ ਤੀਜਾ ਅਤੇ ਐਮ.ਐਸਸੀ. (ਆਈ.ਟੀ.) ਭਾਗ ਦੂਜਾ ਦੇ ਵਿਦਿਆਰਥੀਆਂ ਦੀ **Discrict Bureau of Employment Office** ਦੀ **ਵਿਜ਼ਟ** ਕਰਵਾਈ ਗਈ।

ਮਿਤੀ 21 ਜਨਵਰੀ 2019 ਨੂੰ ਐਮ.ਬੀ.ਏ. ਭਾਗ ਦੂਜਾ, ਐਮ.ਕਾਮੀ ਭਾਗ ਦੂਜਾ, ਐਮ.ਐਲ.ਡੀ. ਭਾਗ ਦੂਜਾ, ਐਮ.ਐਸਸੀ. (ਆਈ.ਟੀ.) ਭਾਗ ਦੂਜਾ ਅਤੇ ਪੀ.ਜੀ.ਡੀ.ਸੀ.ਏ. ਦੇ ਵਿਦਿਆਰਥੀ **Oppo Company** ਭੇਜੇ ਗਏ ਜਿੱਥੇ **04 ਵਿਦਿਆਰਥੀਆਂ ਦੀ ਚੋਣ** ਹੋਈ।

ਮਿਤੀ 22 ਜਨਵਰੀ 2019 ਨੂੰ ਬੀ.ਕਾਮ. ਆਨਰਜ਼, ਬੀ.ਕਾਮ. (ਅਕਾਊਂਟਿੰਗ ਐਂਡ ਫਾਇਨਾਂਸ), ਐਮ.ਕਾਮ., ਐਮ.ਬੀ.ਏ, ਬੀ.ਕਾਮ., ਬੀ.ਬੀ.ਏ. ਦੇ ਵਿਦਿਆਰਥੀਆਂ ਲਈ **Courage is Building Block for Success** ਵਿਸ਼ੇ ’ਤੇ **ਇੱਕ ਰੋਜ਼ਾ ਵਰਕਸ਼ਾਪ** ਲਗਾਈ ਗਈ ਜਿਸ ਦੌਰਾਨ **ਸ਼੍ਰੀ ਵਿਸ਼ਾਲ ਸੂਦ** Director, MMDU ਨੇ ਵਿਦਿਆਰਥੀਆਂ ਨੂੰ ਸੰਬੋਧਿਤ ਕੀਤਾ।

## 59. ਲਾਇਬ੍ਰੇਰੀ:

ਇਸ ਸੈਸ਼ਨ ਦੌਰਾਨ ਲਾਇਬ੍ਰੇਰੀ ਵਾਸਤੇ ਹੁਣ ਤੱਕ 23,67,877ਰੁ. ਦੀਆਂ **3738 ਨਵੀਆਂ ਕਿਤਾਬਾਂ ਖਰੀਦੀਆਂ** ਗਈਆਂ। ਇਸ ਨਾਲ ਕਿਤਾਬਾਂ ਦੀ **ਕੁਲ ਗਿਣਤੀ 42588** ਹੋ ਗਈ ਹੈ। ਕਾਲਜ ਵਿਦਿਆਰਥੀਆਂ, ਅਧਿਆਪਨ ਅਤੇ ਗੈਰ ਅਧਿਆਪਨ ਅਮਲੇ ਨੂੰ ਹੁਣ ਤਕ (ਮਿਤੀ 1-3-2019) 10304 ਕਿਤਾਬਾਂ ਜਾਰੀ ਕੀਤੀਆਂ ਗਈਆਂ। ਪੀ.ਟੀ.ਏ. ਫੰਡ ਵਿਚੋਂ ਕਾਲਜ ਦੇ ਹੋਣਹਾਰ ਅਤੇ ਲੋੜਵੰਦ 108 ਵਿਦਿਆਰਥੀਆਂ ਨੂੰ 82543ਰੁ. ਦੀਆਂ ਕਿਤਾਬਾਂ ਮੁਫ਼ਤ ਪੂਰੇ ਸੈਸ਼ਨ ਲਈ ਜਾਰੀ ਕੀਤੀਆਂ ਗਈਆਂ। ਲਾਇਬ੍ਰੇਰੀ ਵਿਚ ਵੱਖ ਵੱਖ ਵਿਭਾਗਾਂ ਨਾਲ ਸੰਬੰਧਤ **72 ਜਰਨਲ** ਅਤੇ **ਮੈਗਜ਼ੀਨ** ਆਉਂਦੇ ਸਨ ਇਸ ਸਾਲ **8 ਨਵੇਂ ਜਰਨਲ ਲਗਵਾਏ** ਗਏ ਹਨ ਜਿਸ ਨਾਲ ਕੁਲ ਗਿਣਤੀ 80 ਹੋ ਗਈ

ਹੈ। ਇਸ ਸਮੇਂ ਲਾਇਬ੍ਰੇਰੀ ਵਿਚ ਅੰਗਰੇਜੀ, ਹਿੰਦੀ, ਪੰਜਾਬੀ ਭਾਸ਼ਾਵਾਂ ਦੇ **22 ਅਖ਼ਬਾਰ** ਆ ਰਹੇ ਹਨ। ਕਾਲਜ ਲਾਇਬ੍ਰੇਰੀ ਵਿਚ ਤਿੰਨ ਈ-ਰਿਸੋਰਸਜ਼ ਐਨ-ਲਿਸਟ(5900/-), ਜੇ-ਗੇਟ(64900/-), ਡੈਲਨੈੱਟ(13570/-) ਲਏ ਗਏ ਹਨ।ਇਹਨਾਂ ਈ- ਰਿਸੋਰਸਜ਼ ਰਾਹੀ ਬਹੁਤ ਜਿਆਦਾ ਗਿਣਤੀ ਵਿੱਚ ਈ-ਜਰਨਲਜ਼ ਅਤੇ ਈ-ਕਿਤਾਬਾਂ ਔਨ ਲਾਈਨ ਦੇਖ ਸਕਦੇ ਹਾਂ।ਲਾਇਬ੍ਰੇਰੀ ਦੇ ਕੰਮਾਂ ਨੂੰ ਵਧੀਆ ਤਰੀਕੇ ਅਤੇ ਤੇਜ਼ੀ ਨਾਲ ਕਰਨ ਲਈ ਲਾਇਬ੍ਰੇਰੀ ਨੂੰ ਆਟੋਮੇਟ ਕੀਤਾ ਗਿਆ। ਕਾਲਜ ਲਾਇਬ੍ਰੇਰੀ ਦਾ ਰਿਕਾਰਡ ਸਰਚ ਕਰਨ ਵਾਸਤੇ ਲਾਇਬ੍ਰੇਰੀ ੳ.ਪੀ.ਏ.ਸੀ. ਨੂੰ ਕਾਲਜ ਦੀ ਵੈਬਸਾਇਟ ਨਾਲ ਜੋੜ ਕੇ ਵੈਬ ੳ.ਪੀ.ਏ.ਸੀ. ਬਣਾਇਆ ਗਿਆ ਹੈ ਤਾਂ ਜੋ ਕੋਈ ਵੀ ਪਾਠਕ ਸੰਸਾਰ ਦੇ ਕਿਸੇ ਵੀ ਹਿੱਸੇ ਵਿਚ ਬੈਠ ਕੇ ਲਾਇਬ੍ਰੇਰੀ ਰਿਕਾਰਡ ਸਰਚ ਕਰ ਸਕੇ। ਕਾਲਜ ਦੀ ਲਾਇਬ੍ਰੇਰੀ ਅਜਿਹੀ ਪਹਿਲੀ ਲਾਇਬ੍ਰੇਰੀ ਹੈ ਜਿੱਥੇ ਇਹ ਸਹੂਲਤ ਪ੍ਰਦਾਨ ਕੀਤੀ ਜਾ ਰਹੀ ਹੈ।ਇਸ ਸੈਸ਼ਨ ਵਿੱਚ 4 ਵਿਦਿਆਰਥੀਆਂ ਨੂੰ ਲਾਇਬ੍ਰੇਰੀ ਦੇ ਕੰਮਾਂ ਦੀ ਟ੍ਰੇਨਿੰਗ ਦਿੱਤੀ ਗਈ।ਇਸ ਸੈਸ਼ਨ ਦੌਰਾਨ ਲਾਇਬ੍ਰੇਰੀ ਵਿੱਚ ਕਿਤਾਬਾਂ ਦੀ ਚੋਰੀ ਰੋਕਣ ਲਈ RFID (radio frequency identification) ਲਗਾਈ ਗਈ ਹੈ।

## 60. ਕਾਲਜ ਮੈਗਜ਼ੀਨ 'ਨਵੀਆਂ ਪੈੜਾਂ':

ਵਿਦਿਆਰਥੀਆਂ ਅੰਦਰ ਲੁਕੀ ਸਾਹਿਤਕ ਪ੍ਰਤਿਭਾ ਨੂੰ ਉਭਾਰਨ, ਨਿਖਾਰਨ ਅਤੇ ਉਨ੍ਹਾਂ ਨੂੰ ਸਾਰੇ ਕਾਲਜ ਵਿੱਚ ਹੋਈਆਂ ਗਤੀਵਿਧੀਆਂ, ਸਰਗਰਮੀਆਂ ਅਤੇ ਕਾਲਜ ਦੀਆਂ ਪ੍ਰਾਪਤੀਆਂ ਸਬੰਧੀ ਜਾਣਕਾਰੀ ਪ੍ਰਦਾਨ ਕਰਨ ਲਈ **ਚੀਫ਼ ਅਡੀਟਰ ਡਾ. ਹਰਵਿੰਦਰ ਕੌਰ** ਅਤੇ **ਡਿਪਟੀ ਚੀਫ਼ ਅਡੀਟਰ ਡਾ. ਪੁਸ਼ਪਿੰਦਰ ਕੌਰ**, ਦੀ ਸੁਚੱਜੀ ਦੇਖ ਰੇਖ ਹੇਠ ਸਾਲ 2018 ਦਾ ਕਾਲਜ ਮੈਗਜ਼ੀਨ **ਨਵੀਆਂ ਪੈੜਾਂ** ਕੱਢਿਆ ਗਿਆ। ਇਸ ਮੈਗਜ਼ੀਨ ਵਿਚ **ਡਾ. ਹਰਵਿੰਦਰ ਕੌਰ** (ਹਿੰਦੀ), **ਪ੍ਰੋ. ਨਵਦੀਪ ਕੌਰ** (ਅੰਗ੍ਰੇਜ਼ੀ), **ਡਾ. ਸਰਬਜੀਤ ਸਿੰਘ** (ਪੰਜਾਬੀ), **ਡਾ. ਨਿਪੁੰਨਜੋਤ ਕੌਰ** (ਸਾਇੰਸ), **ਡਾ. ਕੋਮਲਦੀਪ ਕੌਰ** (ਕਾਮਰਸ ਐਂਡ ਮੈਨੇਜਮੈਂਟ), **ਡਾ. ਇਮਤਿਆਜ਼ਾ ਖ਼ਾਨ** (ਖੇਤੀਬਾੜੀ) ਅਤੇ **ਡਾ. ਮਨਜੋਤ ਕੌਰ** (ਕੰਪਿਊਟਰ) ਨੇ ਆਪਣੇ-ਆਪਣੇ ਸੈਕਸ਼ਨਾਂ ਦੇ ਅਧਿਆਪਕ ਇੰਚਾਰਜ ਵਜੋਂ ਡਿਊਟੀ ਨਿਭਾਈ।

### ਧੰਨਵਾਦ

ਮੈਂ, ਸਾਲਾਨਾ ਕਨਵੋਕੇਸ਼ਨ ਦੇ ਮੁੱਖ ਮਹਿਮਾਨ **ਚਾਂਸਲਰ ਡਾ. ਡੈਬੋਰਾਹ ਐੱਲ. ਫੋਰਡ ਜੀ** ਅਤੇ **ਡਾ. ਅਭੈ ਕੁਰੂਵਿੱਲਾ ਜੀ** ਦਾ ਤਹਿ-ਦਿਲੋਂ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਆਪਣੀ ਮਸਰੂਫ਼ੀਅਤ ਭਰੀ ਜ਼ਿੰਦਗੀ ਵਿਚੋਂ ਸਮਾਂ ਕੱਢ ਕੇ ਸਾਨੂੰ ਨਿਵਾਜਿਆ ਹੈ। ਮੈਂ, ਇਸ ਸਾਲਾਨਾ ਕਨਵੋਕੇਸ਼ਨ ਵਿਚ ਸ਼ਾਮਿਲ ਸਤਿਕਾਰਯੋਗ **ਸ. ਸੁਰਜੀਤ ਸਿੰਘ ਜੀ ਰੱਖੜਾ** ਦਾ ਵੀ ਤਹਿਦਿਲੋਂ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਇਸ ਸਾਲਾਨਾ ਕਨਵੋਕੇਸ਼ਨ ਦੌਰਾਨ ਸਾਡੇ ਲਈ ਉਚੇਚੇ ਤੌਰ 'ਤੇ ਸਮਾਂ ਕੱਢਿਆ ਹੈ। ਮੈਂ, ਇਸ ਸਾਲਾਨਾ ਕਨਵੋਕੇਸ਼ਲ ਵਿੱਚ ਸ਼ਾਮਿਲ ਸਤਿਕਾਰਯੋਗ ਮਹਿਮਾਨਾਂ, ਵੱਖ-ਵੱਖ ਅਦਾਰਿਆਂ ਦੇ ਨੁਮਾਇੰਦਿਆਂ ਦਾ ਵੀ ਅਤਿ-ਧੰਨਵਾਦੀ ਹਾਂ ਕਿ ਉਨ੍ਹਾਂ ਨੇ ਆਪਣੇ ਕੀਮਤੀ ਸਮੇਂ ਵਿਚੋਂ ਕਨਵੋਕੇਸ਼ਨ ਲਈ ਕੁਝ ਸਮਾਂ ਕੱਢ ਕੇ ਸਾਡੇ ਮਾਣ ਵਿਚ ਵਾਧਾ ਕੀਤਾ ਹੈ। ਮੈਂ, ਪ੍ਰੈੱਸ ਦੇ ਸਾਰੇ ਨੁਮਾਇੰਦਿਆਂ ਦਾ ਵੀ ਸਮੇਂ-ਸਮੇਂ 'ਤੇ ਕਾਲਜ ਨੂੰ

ਸਹਿਯੋਗ ਦੇਣ ਲਈ ਤਹਿ-ਦਿਲੋਂ ਧੰਨਵਾਦੀ ਹਾਂ। ਮੈਂ, ਆਪਣੇ ਕਾਲਜ ਦੇ ਟੀਚਿੰਗ ਸਟਾਫ਼, ਨਾਨ-ਟੀਚਿੰਗ ਸਟਾਫ਼ ਅਤੇ ਵਿਦਿਆਰਥੀਆਂ ਦਾ ਵੀ ਤਹਿ-ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਦੀ ਮਿਹਨਤ ਅਤੇ ਲਗਨ ਸਦਕਾ ਕਾਲਜ ਇਨ੍ਹਾਂ ਪ੍ਰਾਪਤੀਆਂ ਦਾ ਹੱਕਦਾਰ ਬਣਿਆ ਹੈ।

ਅੰਤ ਵਿਚ ਮੈਂ, ਡਿਗਰੀ ਹਾਸਿਲ ਕਰਨ ਵਾਲੇ ਸਾਰੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਮੁਬਾਰਕਬਾਦ ਦਿੰਦਾ ਹਾਂ ਅਤੇ ਵਾਹਿਗੁਰੂ ਅੱਗੇ ਅਰਦਾਸ ਕਰਦਾ ਹਾਂ ਕਿ ਇਹ ਵਿਦਿਆਰਥੀ ਜ਼ਿੰਦਗੀ ਵਿਚ ਕਾਮਯਾਬ ਹੋਣ ਅਤੇ ਸਫ਼ਲਤਾ ਦੀਆਂ ਬੁਲੰਦੀਆਂ ’ਤੇ ਪਹੁੰਚਣ। ਮੈਂ ਵਾਹਿਗੁਰੂ ਅੱਗੇ ਇਹ ਵੀ ਅਰਦਾਸ ਕਰਦਾ ਹਾਂ ਕਿ ਆਉਣ ਵਾਲੇ ਸਮੇਂ ਵਿਚ ਕਾਲਜ ਹੋਰ ਤਰੱਕੀ ਕਰੇ ਅਤੇ ਇਸ ਨੂੰ ਉੱਚਾਈ ਦੀਆਂ ਸਿਖ਼ਰਾਂ ’ਤੇ ਪਹੁੰਚਾਉਣ ਲਈ ਸਾਨੂੰ ਸਭ ਨੂੰ ਹੋਰ ਸਖ਼ਤ ਮਿਹਨਤ ਕਰਨ ਦਾ ਉਤਸ਼ਾਹ ਅਤੇ ਸਮਰੱਥਾ ਬਖ਼ਸ਼ੇ।

ਧੰਨਵਾਦ।

ਡਾ. ਧਰਮਿੰਦਰ ਸਿੰਘ ਉੱਭਾ
ਪ੍ਰਿੰਸੀਪਲ